# FARM AND SPICE

**Open 7 Days a Week**
**8.30 am to 9.00 pm**

**SPECIAL OFFERS: 12-18 MAY**

Daily Specials on

ਯੈਲੋ/ਓਰੇਂਜ/ਰੇਡ ਪੈਪਰ
**Yellow/Orange/Red Pepper** — 99¢ /lb

ਐਂਬ੍ਰੋਸੀਆ ਸੇਬ
**Ambrosia Apple** — $1.49 /lb

ਟਮਾਟਰ
**Tomatoes** Otv — 99¢ /lb

ਹਰੇ ਪਿਆਜ਼
**Green Onion** — 69¢ each

ਟਮਾਟਰ
**Tomatoes** Roma — $1.29 /lb

ਫੂਜੀ ਸੇਬ
**Fuji Apple** — $1.49 /lb

ਜ਼ੁਕੀਨੀ
**Zuchinni** — $1.49 /lb

ਲੰਬਾ ਬੈਂਗਣ
**Eggplant** Long — $1.99 each

ਸੰਤਰਾ ਛੋਟਾ/ਵੱਡਾ
**Orange Small/Large** — $1.49 /lb

ਲਸਣ
**Garlic 1kg** — 1kg $3.49 each

ਛੋਟਾ ਬੈਂਗਣ
**Egg Plant** Small — $1.99 /lb

ਜੰਬੋ ਬੈਂਗਣ
**Eggplant** Jumbo — $1.99 each

ਕਰੇਲਾ
**Karela** — $2.49 /lb

ਅਦਰਕ
**Ginger** — $2.49 /lb

ਤਰਬੂਜ਼
**Watermelon** Mini — $3.49 each

ਸੋਹਣਾ ਸਾਗ
**Sohna** Sarson Ka Saag — 850g $2.99 each

ਪਚਰੰਗਾ ਸ਼ੱਕਰ
**Pachranga** Punjabi Shakkar — 1kg $3.99 each

ਸ਼ੇਰ ਗੁੜ ਸ਼ੱਕਰ
**Sher** Gur/Shakkar — 1kg $3.99 each

ਪਾਰਲੀਮੈਂਟ ਚਾਵਲ
**Parliament** Basmati Rice — 8 lb $7.99 each

ਰੈਡ ਲੇਬਲ ਚਾਹ
**Red Label** Round Tea Bags — 216Bags $9.99 each

ਹੀਰ ਆਟਾ
**Heer Atta** Whole Wheat/ Durum Chakki — 20 lb $12.99 each

ਕ੍ਰਾਊਨ ਤੇਲ
**Crown** Sunflower Oil — 3 ltr $14.99 each

**A+Plus** A+Plus asstd. pulses 1kg **50% OFF**

**Mangoes available at both locations**

**# 09-10 12830 96 Ave. Surrey BC | Tel: 604 930 7742**
**# 103-104 14320 64 Ave. Surrey BC | Tel: 604 593 6323**

*while supply last

# ਖਾਲੜਾ ਮਿਸ਼ਨ ਕਮੇਟੀ ਨੇ ਪੰਜਵੜ ਦੀਆਂ ਅਸਥੀਆਂ ਭਾਰਤ ਲਿਆਉਣ ਦੀ ਸਰਕਾਰ ਕੋਲੋਂ ਕੀਤੀ ਮੰਗ

ਅੰਮ੍ਰਿਤਸਰ- ਦੋ ਅਣਪਛਾਤੇ ਮੋਟਰਸਾਈਕਲ ਸਵਾਰ ਬੰਦੂਕਧਾਰੀਆਂ ਵਲੋਂ ਪਾਕਿਸਤਾਨ ਦੇ ਲਾਹੌਰ ਸ਼ਹਿਰ ਦੇ ਜੌਹਰ ਟਾਊਨ ਵਿਚ ਸ਼ਹੀਦ ਕੀਤੇ ਗਏ ਖ਼ਾਲਿਸਤਾਨ ਕਮਾਂਡੋ ਫੋਰਸ (ਕੇ. ਸੀ. ਐਫ.) ਦੇ ਮੁਖੀ ਭਾਈ ਪਰਮਜੀਤ ਸਿੰਘ ਪੰਜਵੜ ਉਰਫ਼ ਮਲਿਕ ਸਰਦਾਰ ਸਿੰਘ(63) ਦਾ ਬੀਤੇ ਐਤਵਾਰ ਸਵੇਰੇ ਲਾਹੌਰ ਵਿਚ ਦਰਿਆ ਰਾਵੀ ਨੇੜੇ ਬੰਦ ਰੋਡ 'ਤੇ ਬਾਬੂ ਸਾਬੂ ਆਬਾਦੀ ਵਿਚਲੇ ਬਣੇ ਸ਼ਮਸ਼ਾਨਘਾਟ ਵਿਚ ਸਸਕਾਰ ਕਰ ਦਿੱਤਾ ਗਿਆ ।ਸਸਕਾਰ ਤੋਂ ਪਹਿਲਾਂ ਅੰਤਿਮ ਅਰਦਾਸ ਗ੍ਰੰਥੀ ਰਣਜੀਤ ਸਿੰਘ ਨੇ ਕੀਤੀ । ਕੁਝ ਇਲਾਕਾ ਨਿਵਾਸੀਆਂ ਨੇ ਪੁਲਿਸ ਨੂੰ ਦੱਸਿਆ ਕਿ ਪਿਛਲੇ ਲਗਪਗ ਇਕ ਹਫ਼ਤੇ ਤੋਂ ਹੱਤਿਆਰੇ ਭਾਈ ਪੰਜਵੜ੍ਹ ਦੀ ਰਿਹਾਇਸ਼ ਦੇ ਆਸ-ਪਾਸ ਇਲਾਕੇ ਦੀ ਰੇਕੀ ਕਰ ਰਹੇ ਸਨ ।ਉੱਚ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਜਿਸ ਸਿੱਖ ਵਿਅਕਤੀ ਦਾ ਗੋਲ਼ੀ ਮਾਰ ਕੇ ਕਤਲ ਕੀਤਾ ਗਿਆ ਸੀ, ਉਹ ਸੋਸਾਇਟੀ ਵਿਚ ਸਰਦਾਰ ਸਿੰਘ ਦੇ ਨਾਂ ਨਾਲ ਰਹਿ ਰਿਹਾ ਸੀ।ਪਰਾਪਟੀ ਡੀਲਰ ਵਜੋਂ ਜਾਣਿਆ ਜਾਂਦਾ ਸੀ।

ਉਸ ਦੇ ਤਿੰਨ ਭਰਾ ਬਲਦੇਵ ਸਿੰਘ, ਸਰਬਜੀਤ ਸਿੰਘ ਵਾਸੀ ਪਰਮਜੀਤ ਸਿੰਘ ਪੰਜਵੜ, ਥਾਣਾ ਝਬਾਲ ਦੇ ਪਿੰਡ ਪੰਜਵੜ ਪਿੰਡ ਵਿੱਚ ਖੇਤੀ ਕਰਦੇ ਹਨ। ਜਦ ਕਿ ਅਮਰਜੀਤ ਸਿੰਘ ਬੈਂਕ ਤੋਂ ਸੇਵਾਮੁਕਤ ਹੈ। ਪੰਜਵੜ ਦੇ ਇੱਕ ਭਰਾ ਰਾਜਵਿੰਦਰ ਸਿੰਘ ਅਤੇ ਮਾਤਾ ਮਹਿੰਦਰ ਕੌਰ ਨੂੰ ਪੁਲਿਸ ਨੇ ਮਾਰ ਦਿੱਤਾ ਸੀ।ਭਾਈ ਪੰਜਵੜ (62) ਦੀ ਪਤਨੀ ਆਪਣੇ ਦੋ ਪੁੱਤਰਾਂ ਮਨਬੀਰ ਸਿੰਘ (22), ਰਾਜਨ ਸਿੰਘ (20) ਨਾਲ ਜਰਮਨ ਵਿੱਚ ਰਹਿੰਦੀ ਸੀ, ਜਿਨ੍ਹਾਂ ਦੀ ਕਰੀਬ ਛੇ ਮਹੀਨੇ ਪਹਿਲਾਂ ਮੌਤ ਹੋ ਗਈ ਸੀ। ਭਾਈ ਪਰਮਜੀਤ ਸਿਘ ਪੰਜਵੜ ਬਾਰੇ ਦਲ ਖ਼ਾਲਸਾ ਦੇ ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਕਿਹਾ ਹੈ ਕਿ ਉਹ ਨਿੱਘੇ ਸੁਭਾਅ ਤੇ ਦ੍ਰਿੜ੍ਹ ਇਰਾਦੇ ਵਾਲੇ ਖ਼ਾਲਿਸਤਾਨੀ ਜਰਨੈਲ ਸਨ ।ਉਹਨਾਂ ਦੀ ਕੁਰਬਾਨੀ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।ਜਥੇਦਾਰ ਹਵਾਰਾ ਕਮੇਟੀ ਦੇ ਮੁੱਖ ਬੁਲਾਰੇ ਪ੍ਰੋ: ਬਲਜਿੰਦਰ ਸਿੰਘ,ਬਾਪੂ ਗੁਰਚਰਨ ਸਿੰਘ, ਐਡਵੋਕੇਟ ਅਮਰ ਸਿੰਘ ਚਾਹਲ, ਮਹਾਂਬੀਰ ਸਿੰਘ ਸੁਲਤਾਨਵਿੰਡ ਆਦਿ ਨੇ ਕਿਹਾ ਕਿ ਭਾਈ ਪੰਜਵੜ ਨੇ ਕੌਮੀ ਆਜ਼ਾਦੀ ਦੀ ਪ੍ਰਾਪਤੀ ਲਈ ਹਥਿਆਰਬੰਦ ਸੰਘਰਸ਼ ਵਿਚ ਅਹਿਮ ਭੂਮਿਕਾ ਨਿਭਾਈ ਹੈ ।ਭਾਈ ਪਰਮਜੀਤ ਸਿੰਘ ਪੰਜਵੜ ਦੀਆਂ ਅਸਥੀਆਂ ਭਾਰਤ ਲਿਆ ਕੇ ਪਰਿਵਾਰ ਨੂੰ ਸੌਂਪਣ ਦੀ ਖਾਲੜਾ ਮਿਸ਼ਨ ਕਮੇਟੀ ਨੇ ਸਰਕਾਰ ਕੋਲੋਂ ਮੰਗ ਕੀਤੀ ਹੈ ਤਾਂ ਜੋ ਉਨ੍ਹਾਂ ਦਾ ਪਰਿਵਾਰ ਰਹਿੰਦੀਆਂ ਰਸਮਾਂ ਆਪਣੇ ਹੱਥੀਂ ਨਿਭਾਅ ਸਕੇ । ਖਾਲੜਾ ਮਿਸ਼ਨ ਕਮੇਟੀ ਨੇ ਦੱਸਿਆ ਕਿ ਭਾਈ ਸਾਹਿਬ ਦੇ ਨਮਿਤ ਸ੍ਰੀ ਅਖੰਡ ਪਾਠ ਦੇ ਭੋਗ 15 ਮਈ ਨੂੰ ਗੁਰਦੁਆਰਾ ਸ਼ਹੀਦ ਸਿੰਘਾਂ ਪਿੰਡ ਪੰਜਵੜ ਵਿਖੇ ਪਾਏ ਜਾਣਗੇ।



# ਤਰੱਕੀ ਜਾਂ ਵਿਨਾਸ਼



ਪੰਜਾਬ ਦੇ ਲੋਕ ਅੱਜ ਕਲ 12 ਪਾਸ ਕਰਵਾ ਕੇ ਬੱਚਿਆਂ ਨੂੰ ਬਾਹਰ ਸੈੱਟ ਕਰਨ ਨੂੰ ਹੀ ਤਰੱਕੀ ਸਮਝ ਰਹੇ ਨੇ।ਮੇਰੇ ਹਿਸਾਬ ਨਾਲ ਇਹ ਵਿਨਾਸ਼ ਦਾ ਰਸਤਾ ਹੈ ਤੇ ਇਕ ਭੇਡ ਚਾਲ।ਚੀਨ ਦੇ ਲੋਕ ਵੀ ਬਾਹਰ ਜਾਂਦੇ ਸੀ ਤੇ ਇੰਡੀਆ ਨਾਲੋ ਕਿਤੇ ਜਿਆਦਾ।ਉਹਨਾਂ ਨੇ ਹਰ ਦੇਸ਼ ਤੋਂ ਨਵੀਂ ਤਕਨਾਲੋਜੀ ਸਿੱਖ ਕੇ ਵਾਪਿਸ ਆਪਣੇ ਦੇਸ਼ ਚ ਆ ਕੇ ਇੰਪਲਾਈਮੈਂਟ ਕਰ ਕੇ ਚੀਨ ਠੀਕ ਕਰ ਲਿਆ।ਸਾਡੇ ਲੋਕ ਘਰ ਕੋਠੀਆਂ ਜਮੀਨਾਂ ਸਰਕਾਰੀ ਨੌਕਰੀਆਂ ਛੱਡ ਕੇ ਸਭ ਦੇ ਸਭ ਬਾਹਰ ਨੂੰ ਤੁਰੇ ਆ।ਪੰਜਾਬ ਸਮਾਜ ਵਾਤਾਵਰਨ ਸਿਸਟਮ ਲਈ ਕੋਈ ਟਾਈਮ ਨੀ।ਬਸ ਲੱਖ ਤੋਂ ਕਰੋੜ ਤੇ ਕਰੋੜ ਤੋਂ ਅਰਬ ਬਣਾਉਣਾ ਤੇ ਬੁੱਢੇ ਹੋ ਕੇ ਸਭ ਏਦਾਂ ਹੀ ਛੱਡ ਕੇ ਤੁਰ ਜਾਣਾ ਖਾਲੀ ਕੋਠੀਆਂ ਬਹੁਤਿਆਂ ਦੀਆਂ ਔਲਾਦਾਂ ਵੀ ਹੈਨੀ।ਬਹਾਨੇ ਇਹ ਹਨ !

1. ਪੰਜਾਬ 'ਚ ਕੰਮ ਹੈਨੀ (ਫੇਰ ਸਰਕਾਰੀ ਨੌਕਰੀਆਂ ਤੇ ਚੰਗੇ ਭਲੇ ਬਿਜਨੈਸ ਵਾਲੇ ਕਿਉਂ ਜਾਂਦੇ)

2. ਏਥੇ ਗੁੰਡਿਆਂ ਦਾ ਰਾਜ ਆ (ਅਮਰੀਕਾ 'ਚ ਰੋਜ ਸ਼ੂਟ ਆਊਟ ਹੁੰਦੇ, ਬਾਕੀ ਦੇਸ਼ਾਂ ਚ ਕ੍ਰਾਈਮ ਏਦਾਂ ਹੀ ਆ ਆਬਾਦੀ ਦੇ ਹਿਸਾਬ ਨਾਲ)


3. ਬੱਚੇ ਨਸ਼ੇ ਕਰਨ ਲੱਗ ਪੈਣਗੇ (ਬਾਹਰ ਨਸ਼ਾ ਏਥੇ ਨਾਲੋਂ ਵੀ ਜਿਆਦਾ ਤੇ ਨਾ ਕੋਈ ਕਹਿਣ ਵਾਲਾ)

4. ਸਾਨੂੰ ਪੈਸੇ ਦੀ ਕਮੀ ਆ ਇੱਧਰ ਕੁਝ ਬਣਦਾ ਨੀ (ਫੇਰ ਜਾਓ ਬਾਹਰ ਕਮਾ ਕੇ ਵਾਪਿਸ ਕਿਉਂ ਨੀ ਆਉਂਦੇ ਤੁਸੀ ਤਾਂ ਇਧਰੋਂ ਵੀ ਸਭ ਵੇਚ ਵੇਚ ਉੱਧਰ ਲਿਜਾਉਣਾ ਸ਼ੁਰੂ ਕਰਤਾ)

ਬਾਹਰ ਦੇ ਕਰੇਜ਼ ਕਰ ਕੇ ਨਾ ਕਿਸੇ ਪੰਜਾਬੀ ਦਾ ਟਾਈਮ ਤੇ ਵਿਆਹ ਹੋ ਰਿਹਾ ਨਾ ਨਿਆਣਾ, ਏਦਾਂ ਹੀ ਬੁੱਢੇ ਹੋ ਕੇ ਆਬਾਦੀ ਘਟ ਰਹੀ ਆ ਤੇ ਪ੍ਰਵਾਸੀਆਂ ਦੀ ਵਧ ਰਹੀ ਆ, ਫੇਰ ਇਹੀ ਲੋਕ ਜਿਆਦਾ ਰੌਲਾ ਪਾਉਣੈ ਕਿ ਪੰਜਾਬ 'ਚ ਭਈਆਂ ਦਾ ਰਾਜ ਹੋ ਜਾਣਾ ਉਹਦੀ ਸਾਜਿਸ਼ ਆ ਇਹਦੀ ਸਾਜਿਸ਼ ਆ, ਧੱਕਾ ਹੋ ਰਿਹਾ ਸਾਡੇ ਨਾਲ। ਤੁਸੀ ਆਪ ਤਾਂ ਸਭ ਛੱਡ ਕੇ ਬੱਸ ਆਪਣੀ ਫੈਮਿਲੀ ਜੋਗਾ ਸੋਚ ਲਿਆ ਤੇ ਲਾਈਫ ਪੈਸੇ ਜੋਗੀ ਕਰ ਲਈ।ਫੇਰ ਕਿਸ ਮੂੰਹ ਨਾਲ ਪੰਜਾਬ 'ਚ ਨੁਕਸ ਕੱਢਦੇ।ਪਹਿਲਾਂ ਹੀ ਸਭ ਕੁਝ ਹੁੰਦੇ ਹੋਏ ਵੀ ਰੱਜ ਨੀ ਆਉਂਦਾ ਕਈਆਂ ਨੂੰ।ਪਿੱਛੇ ਝਾਤੀ ਮਾਰੋ ਕੀ ਘਰ ਕੋਠੀ ਖਾਲੀ, 45+ ਉਮਰ ਅਜੇ ਕੋਈ ਬੱਚਾ ਨੀ, ਬੁੱਢੇ ਮਾਂ ਪਿਓ ਪਿੱਛੇ ਤਰਲੇ ਲੈਂਦੇ ਰੋਜ਼ਮਰਾ ਦੇ ਕੰਮ ਲਈ, ਜਿਨ੍ਹਾਂ ਦਾ ਵਿਆਹ ਵੀ ਹੋਇਆ ਨਸਲ ਗੋਰੀ ਬਣ ਗਈ, 40 ਲੱਖ ਇੱਧਰ ਲਾਇਆ ਹੋਵੇ 14 ਘੰਟੇ ਇਮਾਨਦਾਰੀ ਨਾਲ ਡਿਊਟੀ ਦਿੱਤੀ ਹੋਵੇ ਜਿੱਦਾਂ ਬਾਹਰ ਗੋਰਿਆਂ ਨੂੰ ਦਿੰਦੇ ਕੀ ਗੱਲ ਬਣੂ ਨਾ 1 ਲੱਖ ਮਹੀਨੇ ਦਾ।ਬਾਹਰ ਜਾ ਕੇ ਵੀ ਤੁਹਾਡੀ ਨੀਅਤ ਤਾਂ ਓਹੀ ਆ ਵਾਪਿਸ ਆ ਕੇ ਕੋਠੀ ਬਣਾਉਣ ਲੱਗੇ ਤੁਸੀ ਪੂਰੀ ਦਿਹਾੜੀ ਨੀ ਦਿੰਦੇ ਕਾਰਪੈਂਟਰ, 36 ਜਣਿਆਂ ਨੂੰ ਪੁੱਛ ਕੇ ਕੰਮ ਕਰਾਉਣਾ ਜਿਹੜਾ ਸਭ ਤੋ ਘੱਟ 'ਚ ਕਰਨ ਨੂੰ ਤਿਆਰ ਹੋ ਜਾਵੇ ਆਪਣਾ ਹੱਕ ਛਡ ਕੇ। ਆਪ ਤੁਸੀ ਅਗਲੇ ਦਿਨ ਚਾਹੁੰਦੇ ਡਬਲ ਹੋ ਜਾਵੇ ਸਾਡੀ ਸੈਲਰੀ, ਪਿੰਡਾਂ ਦੇ ਪਿੰਡ ਖਾਲੀ ਹੋਈ ਜਾਂਦੇ ਸੋਚੋ ਕੁਝ ਪੰਜਾਬੀਓ।

**-ਦਲਜੀਤ ਸਿੰਘ ਕੋਹਲੀ ਜੀ ਨੇ ਭੇਜਿਆ**

# ਕੈਨੇਡਾ 'ਚ 20 ਡਾਲਰ ਦੇ ਨੋਟਾਂ 'ਤੇ ਛਪੇਗੀ ਕਿੰਗ ਚਾਰਲਸ ਦੀ ਤਸਵੀਰ



ਔਟਵਾ:ਬਰਤਾਨੀਆ 'ਚ 70 ਸਾਲਾਂ ਬਾਅਦ ਹੋਈ ਤਾਜਪੋਸ਼ੀ ਦੇ ਜਸ਼ਨਾਂ ਦਰਮਿਆਨ ਕੈਨੇਡਾ ਨੇ ਆਪਣੇ 20 ਡਾਲਰ ਦੇ ਨੋਟਾਂ ਤੇ ਸਿੱਕਿਆਂ 'ਤੇ ਕਿੰਗ ਚਾਰਲਸ ਦੀ ਤਸਵੀਰ ਛਾਪਣ ਦਾ ਐਲਾਨ ਕਰ ਦਿੱਤਾ।ਇਸ ਕੈਨੇਡੀਅਨ ਕਰੰਸੀ 'ਤੇ ਮਹਾਰਾਣੀ ਐਲਿਜ਼ਾਬੈਥ ਦੀ ਥਾਂ ਹੁਣ ਕਿੰਗ ਚਾਰਲਸ ਦੀ ਤਸਵੀਰ ਲਾ ਕੇ ਬਰਤਾਨੀਆ ਦੇ ਤਤਕਾਲੀ ਰਾਜਾ ਜਾਂ ਰਾਣੀ ਦੀ ਤਸਵੀਰ ਲਾਏ ਜਾਣ ਦੀ ਸਦੀਆਂ ਪੁਰਾਣੀ ਰੀਤ ਨੂੰ ਬਕਰਾਰ ਰੱਖਿਆ ਜਾਵੇਗਾ।










# ਕੁਈਨਜਬਰੋ ਮਿਡਲ ਸਕੂਲ ਨਿਊਵੈਸਟ ਵਿਚ ਵਿਸਾਖੀ ਅਤੇ ਖਾਲਸਾ ਸਿਰਜਣਾ ਦਿਵਸ ਮਨਾਇਆ ਗਿਆ


ਨਿਊਵੈਸਟ:ਵਿਸਾਖੀ ਦਾ ਤਿਉਹਾਰ ਸਮੁੱਚੀ ਸਾਊਥ ਏਸ਼ੀਅਨ ਕਮਿਊਨਿਟੀ ਲਈ ਬਹੁਤ ਹੀ ਖੁਸ਼ੀਆਂ ਭਰਿਆ ਸਮਾਂ ਹੈ।ਇਸ ਦਿਨ 1699 ਵਿਚ ਸਿੱਖਾਂ ਦੇ ਦਸਮ ਗਰੂ, ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾਂ ਕਰਕੇ ਇਕ ਨਵਾਂ ਇਤਿਹਾਸ ਰਚ ਦਿੱਤਾ ਸੀ।ਅੱਜ ਸਾਰੀ ਦੁਨੀਆਂ ਵਿਚ ਖਾਲਸੇ ਦਾ ਬੋਲ ਬਾਲਾ ਹੈ।ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਗੌਰਮੈਂਟ ਨੇ ਅਪਰੈਲ ਦਾ ਮਹੀਨਾਂ ਸਿੱਖ ਹੈਰੀਟੇਜ (ਵਿਰਸਾ) ਮਹੀਨੇ ਵਜੋਂ ਇਲਾਨਿਆਂ ਹੈ। ਇਸ ਨਾਲ ਕੈਨੇਡਾ ਵਿਚ ਦਸ ਲੱਖ ਦੇ ਕਰੀਬ ਵਸਦੇ ਸਿੱਖਾਂ ਦਾ ਮਾਣ ਬਹੁਤ ਵਧਿਆ ਹੈ।ਇਹੋ ਜਿਹੇ ਉਪਰਾਲੇ ਸਿੱਖ ਕਮਿਊਨਿਟੀ ਲਈ ਬਹੁਤ ਹੀ ਮਹੱਤਵ ਪੂਰਨ ਹਨ। ਸਿੱਖ ਕਮਿਊਨਿਟੀ ਇਕ ਬਹੁਤ ਹੀ ਮਿਹਨਤੀ ,ਦਾਨੀ ਅਤੇ ਖੁਲ੍ਹੇ ਦਿਲ ਵਾਲੀ ਕਮਿਊਨਿਟੀ ਹੈ।ਲੋਕ ਸੇਵਾ ਲਈ ਤਾਂ ਇਹ ਸਭ ਤੋਂ ਅੱਗੇ ਹੈ। ਵਿਸਾਖੀ ਅਤੇ ਖਾਲਸਾ ਸਿਰਜਣਾਂ ਵਰਗੇ ਦਿਨ ਸਿਰਫ ਸਿੱਖਾਂ ਲਈ ਹੀ ਨਹੀਂ ਬਲਕਿ ਹੋਰ ਕਮਿਊਨੀਟਆਂ ਲਈ ਭੀ ਦੁਨੀਆਂ ਭਰ ਵਿਚ ਬਹੁਤ ਮਹੱਤਵ ਪੂਰਨ ਬਣ ਗਏ ਹਨ।

ਬਾਕੀ ਥਾਵਾਂ ਦੀ ਤਰ੍ਹਾਂ ਮੈਟਰੋ ਵੈਨਕੋਵਰ ਵਿਖੇ ਭੀ ਇਹ ਖਾਸ ਦਿਹਾੜਾ ਬਹੁਤ ਹੀ ਪਿਆਰ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ।ਇਸੇ ਹੀ ਲੜੀ ਵਿਚ ਸਕੂਲਾਂ ਵਿਚ ਭੀ ਵਿਸਾਖੀ ਜਸ਼ਨ ਮਨਾਏ ਗਏ।3 ਮਈ ਦਿਨ ਬੁੱਧਵਾਰ ਨੂੰ ਕੁਈਨਜਬਰੋ ਮਿਡਲ ਸਕੂਲ ,ਨਿਊਵੈਸਟਮਿਨਸਟਰ ਵਿਚ ਭੀ ਬੜੇ ਉੱਚੇ ਪੱਧਰ ਤੇ ਵਿਸਾਖੀ ਅਤੇ ਖਾਲਸਾ ਸਿਰਜਣਾ ਦਿਵਸ ਮਨਾਇਆ ਗਿਆ।ਆਪਣੇ ਭਾਈਚਾਰੇ ਦੇ ਬਹੁਤ ਹੀ ਸਤਿਕਾਰਯੋਗ ਸੀਨੀਅਰ ਅਧਿਆਪਿਕ ਭਾਈ ਦੀਪ ਸਿੰਘ ਸਾਂਗਰਾ ਦੇ ਬਹੁਤ ਹੀ ਸੁਚੱਜੇ ਯਤਨਾਂ ਸਦਕਾ ਕੁਈਨਜਬਰੋ ਮਿਡਲ ਸਕੂਲ ਵਿਚ ਵਿਸਾਖੀ ਦੇ ਜਸ਼ਨ 2005 ਤੋਂ ਲਗਾਤਾਰ ਮਨਾਏ ਜਾ ਰਹੇ ਹਨ।ਇਹਨਾਂ ਜਸ਼ਨਾਂ ਵਿਚ ਹਰ ਸਾਲ ਕਾਫੀ ਮਾਪੇ ਅਤੇ ਕਮਿਊਨਿਟੀ ਦੇ ਪਤਵੰਤੇ ਸੱਜਣ ਭੀ ਸ਼ਿਰਕਤ ਕਰਦੇ ਹਨ।ਇਸ ਸਾਲ ਭੀ ਤਕਰੀਬਨ 80 ਮਾਪਿਆਂ ਅਤੇ ਕਮਿਊਨਿਟੀ ਦੇ ਪਾਵੰਤੇ ਸੱਜਣਾਂ ਰਾਜਿੰਦਰ ਸਿੰਘ ਪੰਧੇਰ, ਰਾਜ ਪੰਧੇਰ ,ਅਮਰੀਕ ਸਿੰਘ ਰਤਨ ਅਤੇ ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ ਦੇ ਬਲਵੰਤ ਸਿੰਘ ਸੰਘੇੜਾ ਨੇ ਸ਼ਾਮਲ ਹੋ ਕੇ ਬੱਚਿਆਂ ਦੇ ਹੌਸਲੇ ਵਧਾਏ।ਸਕੂਲ ਦੇ ਪ੍ਰਿੰਸੀਪਲ ਜੌਨ ਲੁਕਾਕਿਸ ਅਤੇ ਵਾਈਸ ਪ੍ਰਿੰਸੀਪਲ ਸੁੱਖ ਰਾਏ ਨੇ ਵਿਦਿਆਰਥੀਆਂ, ਅਧਿਆਪਿਕਾਂ ਵਲੰਟੀਅਰਾਂ ,ਮਾਪਿਆਂ ਅਤੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ।



ਸਕੂਲ ਦੇ ਸਭ ਬੱਚਿਆਂ ਅਤੇ ਅਧਿਆਪਿਕਾਂ ਨੇ ਬਹੁਤ ਹੀ ਪਿਆਰ ਅਤੇ ਸਤਕਾਰ ਨਾਲ ਗੀਤਾਂ, ਭੰਗੜਾ ਅਤੇ ਕਵਿਤਾਵਾਂ ਨਾਲ ਸਭ ਦਾ ਦਿੱਲ ਜਿੱਤ ਲਿਆ। ਇਹ ਸਮੁੱਚਾ ਪ੍ਰੋਗਰਾਮ ਬਹੁਤ ਹੀ ਪ੍ਰਭਾਵਸ਼ਾਲੀ ਸੀ। ਸਭ ਨੇ ਇਸ ਦਾ ਪੂਰਾ ਅਨੰਦ ਮਾਣਿਆ।ਅਖੀਰ ਵਿਚ ਵਾਈਸ ਪ੍ਰਿੰਸੀਪਲ ਸੁਖ ਰਾਏ ਨੇ ਸਭ ਦਾ ਧੰਨਵਾਦ ਕੀਤਾ।ਜਸ਼ਨ ਖਤਮ ਹੋਣ ਤੋਂ ਬਾਅਦ ਭਾਈ ਦੀਪ ਸਿੰਘ ਸਾਂਗਰਾ ਵਲੋਂ ਆਪਣੇ ਕਲਾਸ ਦੇ ਕਮਰੇ ਵਿਚ ਚਾਹ ਪਾਣੀ ਰਾਹੀਂ ਮਾਪਿਆਂ ਅਤੇ ਮਹਿਮਾਨਾਂ ਦੀ ਸੇਵਾ ਕੀਤੀ ਗਈ।ਇਸ ਤਰ੍ਹਾਂ ਇਹ ਪ੍ਰੋਗਰਾਮ ਇਸ ਸਾਲ ਭੀ ਯਾਦਗਾਰੀ ਹੋ ਨਿਬੜਿਆ।ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀਅ) ਵਲੋਂ ਬਲਵੰਤ ਸਿੰਘ ਸੰਘੇੜਾ ਨੇ ਕੁਈਨਜਬਰੋ ਮਿਡਲ ਸਕੂਲ ਦੇ ਵਿਦਿਆਰਥੀਆਂ, ਅਧਿਆਪਿਕਾਂ, ਮਾਪਿਆਂ, ਮਿਸਟਰ ਲੁਕਾਕਿਸ, ਮਿਸਟਰ ਰਾਏ ਅਤੇ ਦੀਪ ਸਿੰਘ ਸਾਂਗਰਾ ਨੂੰ ਵਧਾਈ ਦਿੰਦਾ ਹਾਂ।ਇਹੋ ਜਿਹੇ ਉਪਰਾਲਿਆਂ ਨਾਲ ਸਾਡੀ ਕਮਿਊਨਿਟੀ ਦਾ ਮਾਣ ਹੋਰ ਭੀ ਵੱਧਦਾ ਹੈ।

# ਮੋਦੀ ਦੇ ਦੌਰੇ ਤੋਂ ਪਹਿਲਾਂ ਸਿਡਨੀ ਦੇ ਹਿੰਦੂ ਮੰਦਰ ‘ਤੇ ਭਾਰਤ ਵਿਰੋਧੀ ਨਾਅਰੇ



ਸਿਡਨੀ (ਆਸਟਰੇਲੀਆ):ਆਸਟ੍ਰੇਲੀਆ ਦੇ ਸਿਡਨੀ ਵਿਚ ਇਕ ਹਿੰਦੂ ਮੰਦਰ ਦੀਆਂ ਕੰਧਾਂ ‘ਤੇ ਭਾਰਤ ਵਿਰੋਧੀ ਨਾਅਰੇ ਲਿਖੇ ਮਿਲੇ।ਇਹ ਘਟਨਾ 24 ਮਈ ਨੂੰ ਕਵਾਡ ਲੀਡਰਾਂ ਦੇ ਸੰਮੇਲਨ ਲਈ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਸਟ੍ਰੇਲੀਆ ਦੌਰੇ ਤੋਂ ਕੁਝ ਹਫ਼ਤੇ ਪਹਿਲਾਂ ਵਾਪਰੀ ਹੈ।ਪੰਜਾਬ ਨੂੰ ਭਾਰਤ ਤੋਂ ਵੱਖ ਕਰਕੇ ਸਿੱਖਾਂ ਲਈ ਆਜ਼ਾਦ ਹੋਮਲੈਂਡ ਖਾਲਿਸਤਾਨ ਦੇ ਸਮਰਥਕਾਂ ਦਾ ਸ਼੍ਰੀ ਸਵਾਮੀਨਾਰਾਇਣ ਮੰਦਰ ਵਿਖੇ ਵਾਪਰੀ ਘਟਨਾ ਪਿੱਛੇ ਸ਼ੱਕ ਜਤਾਇਆ ਜਾ ਰਿਹਾ ਹੈ ਕਿਉਂਕਿ ਮੰਦਰ ਦੇ ਪ੍ਰਬੰਧਕਾਂ ਨੇ ਗੇਟ ‘ਤੇ ਖਾਲਿਸਤਾਨੀ ਝੰਡਾ ਮਿਲਣ ਦਾ ਦਾਅਵਾ ਕੀਤਾ ਹੈ।ਦੂਜੇ ਪਾਸੇ ਸਿੱਖਚਿੰਤਕਾਂ ਦਾ ਕਹਿਣਾ ਹੈ ਕਿ ਭਾਰਤੀ ਏਜੰਸੀਆਂ ਸਿੱਖਾਂ ਨੂੰ ਬਦਨਾਮ ਕਰਨ ਲਈ ਕੋਝੀਆਂ ਚਾਲਾਂ ਚੱਲ ਰਹੀ ਹੈ।ਸਿੱਖ ਕੌਮ ਕਿਸੇ ਵੀ ਧਰਮ ਅਤੇ ਧਰਮ ਅਸ਼ਥਾਨ ਦਾ ਅਪਮਾਨ ਨਹੀਂ ਕਰਦੀ।ਇਹ ਹਿੰਦੂਤਵੀ ਮਾਨਸਿਕਤਾ ਹੈ ਜੋ ਦੂਸਰਿਆਂ ਦੇ ਧਰਮ ਸਥਾਨਾਂ ਤੇ ਹਮਲੇ ਕਰਨੇ ਤੇ ਉਨ੍ਹਾਂ ਨੂੰ ਡਰਾਉਣ ਵਿੱਚ ਵਿਸ਼ਵਾਸ਼ ਰੱਖਦੀ ਹੈ।

# ਅੰਮ੍ਰਿਤਸਰ ‘ਚ ਹਰਿਮੰਦਰ ਸਾਹਿਬ ਨੇੜੇ ਇਕ ਹੋਰ ਧਮਾਕਾ

ਚੰਡੀਗੜ: ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਦੇ ਨੇੜੇ ਹੈਰੀਟੇਜ ਸਟਰੀਟ ਵਿੱਚ ਇੱਕ ਹੋਰ ਧਮਾਕਾ ਹੋਇਆ, ਜਿਸ ਨਾਲ ਸਥਾਨਕ ਨਿਵਾਸੀਆਂ ਅਤੇ ਸੈਲਾਨੀਆਂ ਵਿੱਚ ਦਹਿਸ਼ਤ ਫੈਲ ਗਈ।ਹਾਲਾਂਕਿ ਧਮਾਕੇ ‘ਚ ਕੋਈ ਜ਼ਖਮੀ ਨਹੀਂ ਹੋਇਆ ਹੈ।ਪੁਲਿਸ ਦੇ ਸੀਨੀਅਰ ਅਧਿਕਾਰੀ ਮੌਕੇ ‘ਤੇ ਪਹੁੰਚ ਗਏ।ਇਹ ਧਮਾਕਾ ਸ਼ਨੀਵਾਰ ਰਾਤ ਨੂੰ ਪਹਿਲੇ ਧਮਾਕੇ ਵਾਲੀ ਥਾਂ ‘ਤੇ ਹੀ ਹੋਇਆ ਸੀ, ਜਿਸ ਨਾਲ ਛੇ ਲੋਕ ਜ਼ਖਮੀ ਹੋ ਗਏ ਸਨ।

GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਣੇ ਬਿਜਨਸ ਵਿੱਚ ਆਪਣੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic


UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਮਹਾਤਮਾ ਗਾਂਧੀ ਨੂੰ ਜੁੰਮੇਵਾਰ ਕਿਉਂ ਨਹੀਂ ਮੰਨਿਆ ਜਾਂਦਾ ...?

ਭਾਵੇਂ ਕਿ ਖ਼ਾਲਸਾ ਪੰਥ ਦੀ ਬੁਨਿਆਦ ਹੀ ਇਸ ਸਿਧਾਂਤ ਤੇ ਰੱਖੀ ਗਈ ਸੀ, "ਚੂੰ ਕਰਿ ਅਜਾਂ ਹਮ ਹੀਲਤੇ ਦਰ ਗੁਜ਼ਸਤ, ਹਲਾਲ ਅਸਤ ਬੁਰਦਨ ਬਾ ਸਮਸ਼ੀਰ ਦਸਤ'।ਜਦੋਂ ਜ਼ੁਲਮ-ਜਬਰ ਨੂੰ ਰੋਕਣ ਦੇ ਸਾਰੇ ਰਾਹ ਖ਼ਤਮ ਹੋ ਜਾਣ ਤਾਂ ਕ੍ਰਿਪਾਨ ਦਾ ਮਿਆਨ 'ਚ ਕੱਢਣਾ ਜਾਇਜ਼ ਹੈ। ਇਸ ਲਈ ਸਿੰਘ ਦੁਨੀਆ 'ਚ ਕਿਵੇ ਵੀ ਨਾ ਜ਼ੁਲਮ- ਜਬਰ ਹੁੰਦੇ ਨੂੰ ਵੇਖਦਾ ਹੈ ਤਾਂ ਸਹਿਦਿਆਂ ਨੂੰ ਵੇਖਦਾ ਹੈ। ਇਹ ਪੀੜ੍ਹਤ ਧਿਰ ਦੇ ਮਦਦ 'ਚ ਝੱਟ ਆ ਖੜ੍ਹਦਾ ਹੈ। ਪ੍ਰੰਤੂ ਇਸ ਦੇਸ਼ 'ਚ ਜਦੋਂ ਸਿੱਖਾਂ ਨੂੰ ਭਰਮਾਉਣਾ ਸੀ, ਇਸ ਦੇਸ਼ ਦੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ 6 ਮਈ 1936 ਨੂੰ ਅੰਗਰੇਜ਼ੀ ਸਰਕਾਰ ਵੱਲੋਂ ਗੁਰਦੁਆਰਾ ਸੀਸ ਗੰਜ ਤੇ ਗੋਲੀ ਚਲਾਕੇ ਜਾਣ ਕੇ ਖ਼ੁਦ ਗੁਰਦੁਆਰਾ ਸਾਹਿਬ ਪਹੁੰਚ ਕੇ ਸਿੱਖ ਨਾਲ ਵਾਅਦਾ ਕੀਤਾ ਸੀ ਤੇ ਉਨ੍ਹਾਂ ਨੂੰ ਹਥਿਆਰ ਚੁੱਕਣ ਦੀ ਖੁੱਲ ਵੀ ਦਿੱਤੀ ਸੀ।

"ਮੈਂ ਸਿੱਖ ਭਾਈਆਂ ਨੂੰ ਵਿਸ਼ਵਾਸ ਦਵਾਉਂਦਾ ਹਾਂ ਕਿ ਕਾਂਗਰਸ ਉਨ੍ਹਾਂ ਨਾਲ ਦੇਸ਼ 'ਚ ਅਜ਼ਾਦ ਖਿੱਤਾ ਦੇਣ ਦਾ ਵਾਅਦਾ ਕੀਤਾ ਗਿਆ ਹੈ, ਉਸਨੂੰ ਪੂਰਾ ਕੀਤਾ ਜਾਵੇਗਾ। ਜੇ ਕਾਂਗਰਸ ਅਜਿਹਾ ਨਹੀਂ ਕਰਦੀ ਤਾਂ ਉਹ ਆਪਣੀ ਕਬਰ ਆਪ ਪੁੱਟੇਗੀ।

ਸਿੱਖ ਭਾਈ ਫ਼ਿਰ ਆਪ ਦੇ ਧਾਰਮਿਕ ਅਕੀਦੇ ਅਨੁਸਾਰ ਤਲਵਾਰ ਉਠਾ ਸਕਦੇ ਹਨ"। ਇਹ ਭਰੋਸਾ ਉਸ ਵਿਅਕਤੀ ਵੱਲੋਂ ਦਿੱਤਾ ਗਿਆ ਸੀ,ਜਿਸ ਲਈ ਅਹਿਸਾ ਪਰਮੋ- ਧਰਮ ਸੀ। ਹੁਣ ਜਦੋਂ ਉਸਨੂੰ ਲੈ ਕੇ ਕਾਂਗਰਸੀ ਹਾਕਮ ਵੱਲੋਂ ਦਿਤੇ ਭਰੋਸੇ ਹਵਾ ਹੋ ਚੁੱਕੇ ਹਨ।



ਉਨ੍ਹਾਂ ਨਾਲ ਦੂਜੇ ਨੰਬਰ ਦੇ ਸ਼ਹਿਰੀ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਤੇ ਜ਼ੁਲਮ ਤਸ਼ੱਦਦ ਦਾ ਦੌਰ ਅੱਤਵਾਦੀ ਤੇ ਵੱਖਵਾਦੀ ਦਾ ਫੱਟਾ ਲਾ ਕੇ ਚਲਾਇਆ ਜਾਦਾ ਹੈ ਤਾਂ ਇਸ ਸਾਰੇ ਲਈ ਮਹਾਤਮਾ ਗਾਂਧੀ ਦੇ ਸੀਸ ਗੰਜ ਗੁਰਦੁਆਰੇ ਸਾਹਿਬ 'ਚ ਸਿੱਖ ਕੌਮ ਨੂੰ ਦਿੱਤੇ ਸੱਦੇ ਨੂੰ ਜੁੰਮੇਵਾਰ ਕਿਉਂ ਨਹੀਂ ਮੰਨਿਆ ਜਾਂਦਾ ?

# ਇੰਫਾਲ 'ਚ ਭੀੜ ਵੱਲੋਂ ਭਾਜਪਾ ਵਿਧਾਇਕ 'ਤੇ ਹਮਲਾ

ਇੰਫਾਲ-ਇੰਫਾਲ 'ਚ ਭਾਜਪਾ ਦੇ ਵਿਧਾਇਕ ਵੁੰਗਜਾਗਿਨ ਵਾਲਟੇ 'ਤੇ ਭੀੜ ਨੇ ਉਸ ਸਮੇਂ ਹਮਲਾ ਕਰ ਦਿੱਤਾ ਜਦੋਂ ਉਹ ਮੁੱਖ ਮੰਤਰੀ ਐਨ ਬੀਰੇਨ ਸਿੰਘ ਨਾਲ ਮੀਟਿੰਗ ਤੋਂ ਬਾਅਦ ਸੂਬਾ ਸਕੱਤਰੇਤ ਤੋਂ ਵਾਪਸ ਆ ਰਹੇ ਸਨ। ਇਹ ਮਨੀਪੁਰ ਵਿੱਚ ਕਬਾਇਲੀਆਂ ਅਤੇ ਬਹੁਗਿਣਤੀ ਮੇਈਟੀ ਭਾਈਚਾਰੇ ਦਰਮਿਆਨ ਰਾਜ ਭਰ ਵਿੱਚ ਹਿੰਸਾ ਭੜਕਣ ਤੋਂ ਬਾਅਦ ਵਿਗੜਦੀ ਕਾਨੂੰਨ ਵਿਵਸਥਾ ਦੇ ਵਿਚਕਾਰ ਆਇਆ ਹੈ।ਸੰਸਦ ਮੈਂਬਰ ਇਸ ਸਮੇਂ ਗੰਭੀਰ ਹਾਲਤ 'ਚ ਹੈ ਅਤੇ ਇੰਫਾਲ ਦੇ ਖੇਤਰੀ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ 'ਚ ਇਲਾਜ ਅਧੀਨ ਹੈ।


SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)



ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY



THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

# ‘ਵੇਲੇ ਦੀ ਨਵਾਜ਼ ਕੁਵੇਲੇ ਦੀਆ ਟੱਕਰਾਂ’:ਬਾਦਲ ਦੇ ਭੋਗ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ

ਪ੍ਰਕਾਸ਼ ਸਿੰਘ ਬਾਦਲ ਦੇ ਭੋਗ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਵਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਉਠਾਈ ਅਵਾਜ,(ਕੀ ਅਰਥ ਰੱਖਦੀ ਹੈ ? ਅਮਿਤ ਸ਼ਾਹ,ਇੱਕ ਸਿਆਸੀ ਪਾਰਟੀ ਭਾਜਪਾ ਦੇ ਆਗੂ ਵਜੋਂ ਪਰਕਾਸ਼ ਸਿੰਘ ਬਾਦਲ ਨੂੰ ਸ਼ਰਧਾਂਜਲੀ ਭੇਟ ਕਰਨ ਪੁਜਦੇ ਹਨ ਨਾ ਕਿ ਸਿੱਖ ਮਸਲਿਆਂ ਦੇ ਹੱਲ ਲਈ ਬੁਲਾਈ ਕਿਸੇ ਇਕਤਰਤਾ ਵਿੱਚ ਸਮੂਲੀਅਤ ਕਰਨ ।ਕਿਉਂਕਿ ਅਮਿਤ ਸ਼ਾਹ ਕੇਂਦਰੀ ਗ੍ਰਹਿ ਮੰਤਰੀ ਵੀ ਹੈ ਤੇ ਉਸ ਦੇ ਸਾਹਮਣੇ ਉਠਾਏ ਹਰ ਮੁੱਦੇ ਦਾ ਪਿਛੋਕੜ ਤੇ ਅਗਾਮੀ ਪ੍ਰਭਾਵ ਦੀ ਜਾਣਕਾਰੀ ਦੇਣ ਲਈ ਵਿਸ਼ਾਲ ਤੰਤਰ ਉਸ ਪਾਸ ਹੈ ।ਵਿਚਾਰਨਯੋਗ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮੋਰਚਾ ਭਾਈ ਗੁਰਬਖਸ਼ ਸਿੰਘ ਖਾਲਸਾ ਵਲੋਂ 2013 ਵਿੱਚ ਸ਼ੁਰੂ ਹੋਇਆ ਤੇ ਇਹ ਮੁਹਿੰਮ ਹੀ ਉਸਦੀ ਮੌਤ ਦਾ ਕਾਰਣ ਬਣੀ ਉਸ ਬਾਅਦ ਬਾਪੂ ਸੂਰਤ ਸਿੰਘ ਖਾਲਸਾ ਮੋਹਰੀ ਬਣੇ ਤਾਂ ਉਨ੍ਹਾਂ ਨੂੰ 7 ਸਾਲਾ ਨਜਰਬੰਦੀ ਵੱਲ ਧੱਕਣ ਲਈ ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਜਿੰਮੇਵਾਰ ਹੈ। ਕੀ ਕਦੇ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਦੇ ਸਿੰਘਾਂ ਦਾ ਸਾਥ ਦਿੱਤਾ ?ਤਾਂ ਜਵਾਬ ਮਿਲੇਗਾ ਹਰਗਿਜ਼ ਨਹੀਂ ਜਿਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਹੁਣ ਸ੍:ਧਾਮੀ ਨੇ ਭੋਗ ਸਮਾਗਮ ਮੌਕੇ ਅਵਾਜ ਉਠਾਈ ਹੈ ਉਨ੍ਹਾਂ ਵਿੱਚ ਭਾਈ ਬਲਵੰਤ ਸਿੰਘ ਰਾਜੋਆਣਾ ਵੀ ਸ਼ਾਮਿਲ ਹਨ ।ਭਾਈ ਰਾਜੋਆਣਾ ਦੀ ਫਾਂਸੀ ਦੀ ਸਜਾ ਸੁਣਾਏ ਜਾਣ ਖਿਲਾਫ ਜੋ ਅਵਾਜ ਸਮੁਚੇ ਸਿੱਖ ਜਗਤ ਨੇ ਮਾਰਚ 2012 ਵਿੱਚ ਤੇ ਐਸੇ ਪੰਥਕ ਰੋਸ ਮੌਕੇ ਨੌਜੁਆਨ ਜਸਪਾਲ ਸਿੰਘ ਸਿਧਵਾਂ ਚੌੜ ਦੀ ਮੌਤ ਬਾਦਲ ਦੀ ਪੁਲਿਸ ਵਲੋਂ ਚਲਾਈ ਗੋਲੀ ਨਾਲ ਹੋਈ ਸੀ।ਇਹ ਤਲਖ ਹਕੀਕਤ ਹੈ ਸ:ਜਸਪਾਲ ਸਿੰਘ ਦੇ ਪ੍ਰੀਵਾਰ ਨੂੰ ਇਨਸਾਫ ਦਾ ਭਰੋਸਾ ਦਿਵਾਉਣ ਵਾਲੇ ਧਾਰਮਿਕ ਆਗੂ ਵੀ ਬੀਤੇ ਕੱਲ ਭੋਗ ਵਾਲੀ ਮੁਖ ਸਟੇਜ ਤੇ ਮੌਜੂਦ ਸਨ ਕੀ 11 ਸਾਲਾਂ ਦੌਰਾਨ ਕਦੇ ਸ਼੍ਰੋਮਣੀ ਕਮੇਟੀ ਜਾਂ ਬਾਦਲ ਦਲ ਨੇ ਜਸਪਾਲ ਸਿੰਘ ਸਿਧਵਾਂ ਚੌੜ ਦੇ ਕਤਲ ਦਾ ਇਨਸਾਫ ਦਿਵਾਉਣ ਲਈ ਕੋਈ ਚਾਰਾਜੋਈ ਕੀਤੀ ? ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜਾ ਮੁਆਫੀ ਤੇ ਰਿਹਾਈ ਲਈ ਕਾਨੂੰਨੀ ਲੜਾਈ ਵੀ ਉਨ੍ਹਾਂ ਦੀ ਭੈਣ ਬੀਬੀ ਕਮਲਦੀਪ ਕੌਰ 2019 ਨੇ ਵਿੱਢੀ ।ਇਹ ਉਹ ਸਮਾਂ ਹੈ ਜਦੋਂ ਗੁਰੂ ਨਾਨਕ ਪਾਤਸ਼ਾਹ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਬੰਦੀ ਸਿੰਘ ਦੀ ਰਿਹਾਈ ਲਈ ਕਿਸੇ ਨੋਟੀਫਿਕੇਸ਼ਨ ਜਾਰੀ ਕਰਨ ਦਾ ਐਲਾਨ ਕਰਦੀ ਹੈ ।ਲੇਕਿਨ ਤਿੰਨ ਸਾਲਾਂ ਦੌਰਾਨ ਸ਼੍ਰੋਮਣੀ ਕਮੇਟੀ ਉਸ ਨੋਟੀਫਿਕੇਸ਼ਨ ਤੇ ਅਮਲ ਕਰਾਣ ਲਈ ਮੂਹਰੇ ਨਹੀ ਆਉਂਦੀ ? ਤੇ ਫਿਰ ਮਈ 2022 ਵਿੱਚ ਅਚਨਚੇਤ ਹੀ ਸ਼੍ਰੋਮਣੀ ਕਮੇਟੀ ਦੁਆਰਾ ‘ ਥਾਪੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕਮੇਟੀ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਮੈਦਾਨ ਚ ਨਿਤਰਨ ਲਈ ਆਦੇਸ਼ ਦਿੰਦੇ ਹਨ। ਸਤੰਬਰ 2022 ਤੀਕ ਸ਼੍ਰੋਮਣੀ ਕਮੇਟੀ ਰੋਸ ਮੁਜਾਹਰੇ ਤੇ ਮੰਗ ਪੱਤਰ ਦੇਣ ਤੀਕ ਸੀਮਤ ਰਹਿੰਦੀ ਹੈ ਤੇ ਫਿਰ ਦਸੰਬਰ 2022 ਵਿੱਚ ਦਸਤਖਤੀ ਮੁਹਿੰਮ ਸ਼ੁਰੂ ਕਰਦੀ ਹੈ ਜੋ ਖਾਲਸਾ ਸਾਜਨਾ ਦਿਹਾੜੇ ਤੀਕ ਖਤਮ ਹੁੰਦੀ ਹੈ ।ਟੀਚਾ ਰੱਖਿਆ ਗਿਆ 25 ਲੱਖ ਦਸਤਖਤਾਂ ਦਾ ਤੇ ਇਹ ਦਸਤਖਤੀ ਦਸਤਾਵੇਜ ਗਵਰਨਰ ਪੰਜਾਬ ਨੂੰ ਸੌਪੇ ਜਾਣੇ ਸਨ 27 ਅਪ੍ਰੈਲ 2023 ਨੂੰ ਲੇਕਿਨ ਬਾਦਲ ਦੀ ਮੌਤ ਕਾਰਣ ਮਾਮਲਾ ਲਟਕ ਗਿਆ ਜਿਕਰ ਕਰਨਾ ਜਰੂਰੀ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਮੰਗ ਪੱਤਰ ਵੱਖ ਵੱਖ ਪੰਥਕ ਧਿਰਾਂ ਕਈ ਵਾਰ ਗਵਰਨਰ ਪੰਜਾਬ ਨੂੰ ਸੌਂਪ ਚੁੱਕੀਆਂ ਹਨ ਲੇਕਿਨ ਪ੍ਰੋਫੈਸਰ ਦਵਿੰਦਰ ਪਾਲ ਸਿੰਘ ਭੁੱਲਰ ਦੀ ਸਜਾ ਮੁਆਫੀ ਤੇ ਪੰਜਾਬ ਦੀ ਜੇਲ੍ਹ ਚ ਤਬਦੀਲੀ ਲਈ ਸਾਲ 2014 ਵਿੱਚ ਵਿੱਢੀ ਗਈ ਪੰਥਕ ਧਿਰਾਂ ਵਲੋਂ ਮੁਹਿੰਮ ਮੌਕੇ 85 ਲੱਖ ਦਸਤਖਤੀ ਦਸਤਾਵੇਜ ਰਾਸ਼ਟਰਪਤੀ ਨੂੰ ਸੌਂਪਿਆ ਗਿਆ ਸੀ। ਉਸ ਵੇਲੇ ਵੀ ਸ਼੍ਰੋਮਣੀ ਕਮੇਟੀ ਨੇ ਇਸ ਮੁਹਿੰਮ ਤੋਂ ਦੂਰੀ ਬਣਾਈ ਰੱਖੀ ਸੀ।

ਤਸਵੀਰ ਦਾ ਦੂਸਰਾ ਪਹਿਲੂ ਵੀ ਵੇਖਣਾ ਜਰੂਰੀ ਹੈ ਹਰਿਆਣਾ ਵਿਧਾਨ ਸਭਾ ਚੋਣਾਂ 2019 ਤੋਂ ਕੁਝ ਸਮਾਂ ਪਹਿਲਾਂ (5ਸਤੰਬਰ 2019)ਗੁਰਦੁਆਰਾ ਸੁਲਤਾਨਪੁਰ ਲੋਧੀ ਵਿਖੇ ਇਕ ਸਮਾਗਮ ਦੌਰਾਨ ਪਰਕਾਸ਼ ਸਿੰਘ ਬਾਦਲ ਨੇ ਮੰਚ ਤੋਂ ਸੁਖਬੀਰ ਸਿੰਘ ਬਾਦਲ ਨੂੰ ਕਿਹਾ ਸੀ ‘ਮੇਰੇ ਜੀਉਂਦੇ ਜੀਅ ਹਰਿਆਣੇ ਚ ਭਾਜਪਾ ਦਾ ਵਿਰੋਧ ਨਾ ਕਰੀਂ’। ਲੇਕਿਨ ਵਿਰੋਧ ਕੀਤਾ ਗਿਆ।ਕਿਸਾਨੀ ਬਿੱਲਾਂ ਤੇ ਪਹਿਲੀ ਸਹਿਮਤੀ ਤੇ ਫਿਰ ਸਿਆਸੀ ਹਿੱਤਾਂ ਜਾ ਲੋਕ ਰੋਹ ਤੋਂ ਬਚਣ ਲਈ ਸਤੰਬਰ 2020 ਵਿੱਚ ਭਾਜਪਾ ਨਾਲੋਂ ਨਾਤਾ ਤੋੜਨ ਦਾ ਫੈਸਲਾ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੀ ‘ਪਾਰਟੀ ਦੀ ਕੋਰ ਕਮੇਟੀ’ ਨੇ ਲਿਆ ਸੀ। ਫਿਰ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਨੋਟੀਫਿਕੇਸ਼ਨ ਤੇ ਅਮਲ ਦੀ ਆਸ,ਕਿਸ ਪਾਸੋਂ? ਲੇਕਿਨ ਇਹ ਮੰਨ ਕੇ ਚਲਣਾ ਪਵੇਗਾ ਕਿ ਅਮਿਤ ਸ਼ਾਹ ਬਾਦਲ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਨਹੀਂ ਬਲਕਿ ਬਾਦਲ ਦਲ ਦੇ ਲੀਡਰਾਂ ਤੇ ਵਰਕਰਾਂ ਦੇ ਚਿਹਰੇ ਪੜ੍ਹਨ ਆਏ ਸਨ ਕਿ ਵੱਡੇ ਬਾਦਲ ਦੇ ਚਲਾਣੇ ਬਾਅਦ ਹਵਾ ਕਿਸ ਰੁਖ ਚਲਣੀ ਹੈ ਜੇ ਅਜੇਹਾ ਨਹੀ ਤਾਂ ਭਾਈ ਰਾਜੋਆਣਾ ਦੀ ਸਜਾ ਮੁਆਫੀ ਖਿਲਾਫ ਕੇਂਦਰੀ ਗ੍ਰਹਿ ਮੰਤਰਾਲਾ ਸੁਪਰੀਮ ਕੋਰਟ ਵਿੱਚ ਅਮਨ-ਕਾਨੂੰਨ ਨੂੰ ਖਤਰੇ ਦੀ ਦਲੀਲ ਨਾ ਦਿੰਦਾ ।ਆਖਿਰ 27 ਸਾਲਾਂ ਤੋਂ ਜੇਲ੍ਹ ਦੇ ਬੰਦ ਕਿਸੇ ਸ਼ਖਸ਼ ਪਾਸੋਂ ਅਮਨ ਕਾਨੂੰਨ ਨੂੰ ਕੀ ਖਤਰਾ ਹੋ ਸਕਦੈ? ਯਕੀਨਨ ਭਾਜਪਾ ਲੀਡਰਸ਼ਿਪ ਬਾਦਲ ਦੇ ਉਸ ਫੈਸਲੇ ਵੱਲ ਵੀ ਵੇਖਦੀ ਹੈ ਜਦੋਂ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਮੌਕੇ ਭਾਈ ਰਾਜੋਆਣਾ ਦੀ ਭੈਣ ਬੀਬੀ ਕਮਲਦੀਪ ਕੌਰ ਨੂੰ ਉਮੀਦਵਾਰ ਐਲਾਨਿਆ ਜਾਂਦਾ ਹੈ ਉਹ ਹਾਰ ਜਾਂਦੇ ਹਨ। ਲੇਕਿਨ ਸਿਆਸਤ ਤਾਂ ਭਵਿੱਖ ਦੇ ਖਤਰਿਆਂ ਤੇ ਵੀ ਨਿਗਾਹ ਰੱਖਦੀ ਹੈ ਤੇ ਫਿਰ ਉਹ ਸਿਆਸੀ ਤੇ ਕੱਟੜਵਾਦੀ ਧਿਰ ਜੋ ਪੂਰੇ ਦੇਸ਼ ਨੂੰ ਆਪਣੇ ਰੰਗ ਵਿੱਚ



ਰੰਗਣ ਦੇ ਸੁਪਨੇ ਲੈ ਰਹੀ ਹੋਵੇ ।ਅਜੇਹੇ ਹਾਲਾਤਾਂ ਦੇ ਮੱਦੇ ਨਜਰ ਸ਼੍ਰੋਮਣੀ ਕਮੇਟੀ ਪ੍ਰਧਾਨ ਵਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਉਠਾਈ ਅਵਾਜ ਵੇਲੇ ਦੀ ਨਮਾਜ,ਕੁਵੇਲੇ ਦੀਆਂ ਟੱਕਰਾਂਦੀ ਸਾਖੀ ਮੰਨੀ ਜਾਵੇਗੀ ।ਨਰਿੰਦਰ ਪਾਲ ਸਿੰਘ 98553-13236

## ਭਾਈ ਰਾਜੋਆਣਾ ਦੀ ਸਜ਼ਾ-ਏ-ਮੌਤ ਨੂੰ ਅਦਾਲਤ ਵੱਲੋਂ ਉਮਰਕੈਦ ‘ਚ ਤਬਦੀਲ ਕਰਨ ਤੋਂ ਇਨਕਾਰ ‘ਸਿੱਖ ਵਿਰੋਧੀ’ ਸੋਚ ਦਾ ਨਤੀਜਾ:ਮਾਨ

ਪਟਿਆਲਾ(ਸੰਧੂ ਸ਼ੁਤਰਾਣਾ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੌਕੇ 2019 ‘ਚ ਭਾਈ ਰਾਜੋਆਣਾ ਦੀ ਮੌਤ ਦੀ ਸਜਾ ਨੂੰ ਉਮਰਕੈਦ ਵਿਚ ਬਦਲਣ ਦੀ ਸਰਕਾਰ ਵੱਲੋਂ ਸਿਫਾਰਿਸ਼ ਕੀਤੀ ਗਈ ਸੀ। ਇਸ ਸਬੰਧੀ ਗ੍ਰਹਿ ਵਿਭਾਗ ਸਤੰਬਰ 2019 ‘ਚ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜਾ ਨੂੰ ਉਮਰਕੈਦ ‘ਚ ਤਬਦੀਲ ਕਰਨ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਕਰ ਚੁੱਕਾ ਹੈ। ਇਸ ਅਤਿ-ਗੰਭੀਰ ਵਿਸ਼ੇ ‘ਤੇ ਫੈਸਲਾ ਹੀ ਨਾ ਲੈਣਾ ਇਸ ਗੱਲ ਨੂੰ ਪ੍ਰਤੱਖ ਕਰਦਾ ਹੈ ਕਿ ਸਿੱਖ ਕੌਮ ਪ੍ਰਤੀ ਸਰਕਾਰ ਦੀ ਕੀ ਸੋਚ ਹੈ। ਇਹ ਵਿਚਾਰ ਪ੍ਰਗਟ ਕਰਦੇ ਹੋਏ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ. ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਸਬੰਧੀ ਅਦਾਲਤ ਵੱਲੋਂ ਸੁਣਾਏ ਗਏ ਫੈਸਲੇ ਦੀ ਸਖਤ ਸਬਦਾਂ ਵਿਚ ਨਿੰਦਾ ਕੀਤੀ ਅਤੇ ਕਿਹਾ ਕਿ ਸਿੱਖ ਕੌਮ ਪ੍ਰਤੀ ਦੋਹਰੇ ਮਾਪਦੰਡ ਕਿਉਂ ਅਪਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਦ੍ਰਿੜਤਾ ਨਾਲ ਇਹ ਫੈਸਲਾ ਲੈਣਾ ਪਵੇਗਾ ਕਿ ਉਸ ਨੇ ਹੁਕਮਰਾਨਾਂ ਦੇ ਗੁਲਾਮੀਅਤ ਤੋਂ ਕਿਸ ਤਰ੍ਹਾਂ ਆਜਾਦ ਹੋਣਾ ਹੈ ਅਤੇ ਕਿਵੇਂ ਜਬਰ/ਜੁਲਮਾਂ ਦਾ ਇਨਸਾਫ ਲੈਣਾ ਹੈ ? ਉਨ੍ਹਾਂ ਕਿਹਾ ਕਿ ਰਾਜੀਵ ਗਾਂਧੀ ਕਤਲ ਕੇਸ ਦੇ ਦੋਸ਼ੀਆਂ ਨੂੰ ਕਾਨੂੰਨੀ ਤੌਰ ‘ਤੇ ਬਰੀ ਕਰਕੇ ਰਿਹਾਅ ਕਰ ਦਿੱਤਾ ਹੈ, ਜਦਕਿ 25-25, 30-30 ਸਾਲਾਂ ਤੋਂ ਬੰਦੀ ਸਿੰਘ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ, ਜਿਨ੍ਹਾਂ ਨੇ ਕਿ ਨਿਸਚਿਤ ਸਜ਼ਾਵਾਂ ਭੁਗਤ ਚੁੱਕੇ ਹਨ।

ਇਹ ਸਰਾਸਰ ਸਿੱਖਾਂ ਨਾਲ ਧੱਕਾ ਅਤੇ ਵੱਡੀ ਬੇਇਨਸਾਫੀ ਹੈ। ਇਹ ਹੋਰ ਵੀ ਦੁੱਖਦਾਇਕ ਅਤੇ ਬੇਇਨਸਾਫੀ ਵਾਲੀ ਕਾਰਵਾਈ ਹੈ ਕਿ 2012 ਤੋਂ ਭਾਈ ਰਾਜੋਆਣਾ ਦੀ ਰਹਿਮ ਦੀ ਅਪੀਲ ਵਿਚਾਰ ਅਧੀਨ ਹੈ। ਬੀਤੇ 11 ਸਾਲਾਂ ਤੋਂ ਇਸ ਸਬੰਧੀ ਕੋਈ ਫੈਸਲਾ ਨਾ ਦੇਣਾ ਘੋਰ ਵਿਤਕਰੇ ਨੂੰ ਪ੍ਰਗਟਾਉਂਦਾ ਹੈ, ਜਦੋਂਕਿ 2 ਮਈ 2022 ਨੂੰ ਸੁਪਰੀਮ ਕੋਰਟ ਨੇ ਮੋਦੀ ਹਕੂਮਤ ਨੂੰ ਕਿਹਾ ਸੀ ਕਿ ਉਹ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਅਪੀਲ ਬਾਰੇ 2 ਮਹੀਨਿਆ ਦੇ ਅੰਦਰ-ਅੰਦਰ ਫੈਸਲਾ ਕਰੇ, ਤਾਂ ਮੋਦੀ ਹਕੂਮਤ ਨੇ ਕਿਉਂ ਨਹੀਂ ਫੈਸਲਾ ਲਿਆ? ਇਹ ਸੁਪਰੀਮ ਕੋਰਟ ਦੀ ਤੌਹੀਨ ਕਰਨ ਦੇ ਤੁੱਲ ਕਾਰਵਾਈ ਹੈ।


Injured in an accident?
ICBC claim?

We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
B.Sc., L.L.B (UBC)

RM TRIAL LAWYERS

MANDEEP RANDHAWA LAW CORPORATION

T 604 449 7500

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

# ਮਮਤਾ ਬੈਨਰਜੀ ਨੇ ਭਾਜਪਾ ਨੂੰ ਕਿਹਾ, ਰਾਮ ਦਾ ਨਾਂ ਬਦਨਾਮ ਨਾ ਕਰੋ
## ਵਿਰੋਧੀ ਪਾਰਟੀਆ ਇਕੱਠੇ ਹੋ ਕੇ ਦੇਸ਼ ਵਿਰੋਧੀ ਭਾਜਪਾ ਨੂੰ ਭਜਾਉਂਣ ਦਾ ਦਿੱਤਾ ਸੱਦਾ

ਮੁਰਸ਼ਿਦਾਬਾਦ: ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਭਾਜਪਾ ਚੋਣ ਲਾਭ ਲਈ ਵੰਡ ਅਤੇ ਬਦਲਾਖੋਰੀ ਦੀ ਰਾਜਨੀਤੀ ਵਿੱਚ ਡੂੰਘੀ ਤਰ੍ਹਾਂ ਡੁੱਬੀ ਹੋਈ ਹੈ ਅਤੇ ਉਸਨੂੰ ਭਗਵਾਨ ਰਾਮ ਦੇ ਨਾਲ-ਨਾਲ ਦੇਸ਼ ਨੂੰ ਬਦਨਾਮ ਕਰਨ ਤੋਂ ਬਚਣਾ ਚਾਹੀਦਾ ਹੈ।

ਇੰਡੀਅਨ ਐਕਸਪ੍ਰੈੱਸ ਮੁਤਾਬਕ ਮੁਰਸ਼ਿਦਾਬਾਦ 'ਚ ਇਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਬੈਨਰਜੀ ਨੇ ਕਿਹਾ, 'ਰਾਮ ਦੇ ਨਾਂ ਨੂੰ ਇਸ ਤਰ੍ਹਾਂ ਬਦਨਾਮ ਨਾ ਕਰੋ। ਭਾਜਪਾ ਨੂੰ ਇਸ ਤਰ੍ਹਾਂ ਦੇਸ਼ ਨੂੰ ਬਦਨਾਮ ਨਹੀਂ ਕਰਨਾ ਚਾਹੀਦਾ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਏਜੰਸੀਆਂ ਦੀ ਵਰਤੋਂ ਕਰਨ ਨਾਲ ਕੋਈ ਫਾਇਦਾ ਨਹੀਂ ਹੋਵੇਗਾ ਕਿਉਂਕਿ ਉਨ੍ਹਾਂ ਨੂੰ ਵੋਟਾਂ ਨਹੀਂ ਮਿਲਣਗੀਆਂ।

ਇਸ ਦੌਰਾਨ ਤ੍ਰਿਣਮੂਲ ਕਾਂਗਰਸ (ਟੀਐਮਸੀ) ਦੀ ਸੁਪਰੀਮੋ ਮਮਤਾ ਬੈਨਰਜੀ ਨੇ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਭਾਜਪਾ ਖ਼ਿਲਾਫ਼ ਇਕਜੁੱਟ ਹੋਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, 'ਇਸ ਪਾਰਟੀ ਨੂੰ ਹਰਾਉਣ ਲਈ ਸਾਨੂੰ ਮਿਲ ਕੇ ਲੜਨਾ ਪਵੇਗਾ। ਉਨ੍ਹਾਂ ਖੇਤਰਾਂ ਤੋਂ ਮੈਦਾਨ ਵਿੱਚ ਉਤਰੋ ਜੋ ਤੁਹਾਡੇ ਗੜ੍ਹ ਹਨ। ਮੈਨੂੰ ਇਕੱਠੇ ਲੜਨ ਵਿੱਚ ਕੋਈ ਸਮੱਸਿਆ ਨਹੀਂ ਹੈ।

ਉੱਤਰ ਪ੍ਰਦੇਸ਼ ਵਰਗੇ ਰਾਜਾਂ ਵਿੱਚ ਐਨਕਾਊਂਟਰ ਕਤਲਾਂ ਦਾ ਹਵਾਲਾ ਦਿੰਦੇ ਹੋਏ, ਬੈਨਰਜੀ ਨੇ ਕਿਹਾ, "ਇਹ ਪਾਰਟੀ ਸਿਰਫ ਦੋ ਚੀਜ਼ਾਂ ਜਾਣਦੀ ਹੈ - 'ਠੋਕ ਦੋ' ਅਤੇ 'ਧਮਾਕਾ ਕਰ ਦੋ'। ਅਸੀਂ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼ ਅਤੇ ਬਿਲਕਿਸ ਬਾਨੋ ਮਾਮਲੇ 'ਤੇ ਭਾਜਪਾ ਦਾ ਖਤਰਨਾਕ ਦੇਸ਼ ਵਿਰੋਧੀ ਸਟੈਂਡ ਦੇਖਿਆ ਹੈ। ਅਸੀਂ ਭਾਜਪਾ ਦੁਆਰਾ ਸਪਾਂਸਰ ਕੀਤੀਆਂ ਫਿਰਕੂ ਹਿੰਸਾ ਦੀਆਂ ਘਟਨਾਵਾਂ ਨੂੰ ਵੀ ਦੇਖਿਆ ਹੈ।

ਉਨ੍ਹਾਂ ਅੱਗੇ ਕਿਹਾ, 'ਭਾਜਪਾ ਕੇਂਦਰੀ ਏਜੰਸੀਆਂ ਜਿਵੇਂ ਕਿ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਅਤੇ ਸੀਬੀਆਈ (ਵਿਰੋਧੀ ਨੇਤਾਵਾਂ ਦੇ ਪਿੱਛੇ) ਭੇਜਦੀ ਹੈ। ਜਦੋਂ ਅਧਿਕਾਰੀ ਕਹਿੰਦੇ ਹਨ ਕਿ ਵਿਅਕਤੀ ਨੇ ਕੁਝ ਗਲਤ ਨਹੀਂ ਕੀਤਾ ਅਤੇ ਉਸ ਵਿਰੁੱਧ ਕੋਈ ਕੇਸ ਨਹੀਂ ਹੈ, ਤਾਂ ਪਾਰਟੀ ਆਗੂ ਉਸ ਨੂੰ ਮਨਘੜਤ ਕੇਸ ਬਣਾਉਣ ਲਈ ਕਹਿੰਦੇ ਹਨ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ ਕਿ ਦੇਸ਼ ਦਾ ਅਸਲੀ ਨੇਤਾ ਕੌਣ ਹੈ? ਜੋ ਦੇਸ਼ ਭਗਤ ਹੈ ਅਤੇ ਸਭ ਨੂੰ ਪਿਆਰ ਕਰਦਾ ਹੈ। ਇੱਕ ਸੱਚਾ ਆਗੂ ਉਹ ਹੁੰਦਾ ਹੈ ਜੋ ਲੋਕਾਂ ਨੂੰ ਇਕਜੁੱਟ ਕਰਦਾ ਹੈ ਅਤੇ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਹੈ। ਜੋ ਅਸਵੀਕਾਰ ਕੀਤਾ ਗਿਆ ਹੈ ਉਹ ਹਮੇਸ਼ਾ ਰੱਦ ਹੀ ਰਹੇਗਾ।

# ਸੁਖਬੀਰ ਬਾਦਲ ਦੀ ਮੁਆਫੀ ਦੇ ਅਰਥ




ਆਪਣੇ ਬਾਪ ਪ੍ਰਕਾਸ਼ ਸਿਹੁੰ ਬਾਦਲ ਦੇ ਭੋਗ ਸਮਾਗਮ ਤੇ ਸੰਗਤਾਂ ਦਾ ਧੰਨਵਾਦ ਕਰਦਿਆ ਸੁਖਬੀਰ ਬਾਦਲ ਨੇ ਸਿੱਖ ਪੰਥ ਤੋਂ ਦੋ ਵਾਰੀ ਹੱਥ ਜੋੜਕੇ ਮਾਫ਼ੀ ਮੰਗੀ। ਇਹ ਮਾਫ਼ੀ ਕਿਉਂ ਮੰਗੀ ਗਈ ? ਸੁਖਬੀਰ ਬਾਦਲ ਨੂੰ ਆਪਣੇ ਤੌਰ ਤੇ ਆਪਣੇ ਪਰਿਵਾਰ ਦੀ ਕੌਮ ਨਾਲ ਕੀਤੀ ਗ਼ਦਾਰੀ ਨੂੰ ਘੱਟੋ-ਘੱਟ ਦਿਲੋਂ ਤਾਂ ਮਹਿਸੂਸ ਕਰਦੇ ਹਨ। ਉਨ੍ਹਾਂ ਨੂੰ ਇਹ ਵੀ ਚੰਗੀ ਤਰ੍ਹਾਂ ਪਤਾ ਹੈ ਕਿ ਕੌਮ ਨੇ ਬਾਦਲ ਪਰਿਵਾਰ ਨੂੰ ਨਕਾਰ ਦਿੱਤਾ ਹੈ। ਜਿਸ ਕਾਰਣ ਉਸਦੇ ਬਾਪ ਜ਼ਿੰਦਗੀ ਦੇ ਆਖ਼ਰੀ ਮੋੜ ਤੇ ਆਪਣੇ ਜੱਦੀ ਹਲਕੇ ਲੰਬੀ ਤੋਂ ਇਕ ਸਾਧਾਰਣ ਜਿਹੇ ਪ੍ਰੀਵਾਰ ਦੇ ਵਿਅਕਤੀ ਤੋਂ ਹਾਰੇ ਗਏ ਸਨ ਅਤੇ ਉਹ ਆਪ ਤਾਂ ਜਲਾਲਾਬਾਦ ਤੋਂ ਇੱਕ ਨਵੇਂ ਜਿਹੇ ਆਮ ਮੁੰਡੇ ਤੋਂ ਹਾਰ ਗਏ ਸਨ। ਕੌਮ ਤੋਂ ਮਾਫ਼ੀ ਮੰਗਣੀ ਤਾਂ ਜ਼ਰੂਰੀ ਸੀ। ਇਹ ਕਵਾਇਦ ਪਹਿਲਾ ਵੀ ਦਰਬਾਰ ਸਾਹਿਬ ਆਖੰਡ ਪਾਠ ਕਰਵਾਕੇ, ਬਰਤਨ ਸਾਫ਼ ਕਰਨ ਦੀ ਸੇਵਾ ਕਰਕੇ ਜਾਣੇ ਅਨਜਾਣੇ 'ਚ ਹੋਈਆਂ ਗਲਤੀਆਂ ਦੀ ਮਾਫ਼ੀ ਮੰਗੀ ਸੀ। ਪਰ ਕੌਮ ਨੇ ਇਹ ਮਾਫ਼ੀ ਨਹੀਂ ਦਿੱਤੀ ਸੀ। ਕਿਉਂਕਿ ਮਾਫ਼ੀ ਜਾਣੇ- ਅਨਜਾਣੇ ਹੋਈ ਗਲਤੀ ਲਈ ਮੰਗੀ ਸੀ। ਜਦੋਂ ਕਿ ਕੌਮ ਦਾ ਬੱਚਾ- ਬੱਚਾ ਜਾਣਦਾ ਹੈ ਕਿ ਬਾਦਲਾਂ ਨੇ ਕੀ ਗੁਨਾਹ ਕੀਤਾ ਹੈ। ਇਸ ਲਈ ਕੌਮ ਨੇ ਜਾਣਬੁੱਝ ਕੇ ਗੋਲ- ਮੋਲ ਮੰਗੀ ਮਾਫ਼ੀ ਨੂੰ ਸਵੀਕਾਰ ਨਹੀਂ ਕੀਤਾ ਸੀ। ਕੀ ਹੁਣ ਵੀ ਕੌਮ ਸੁਖਬੀਰ ਵੱਲੋਂ ਮੰਗੀ ਮਾਫ਼ੀ ਨੂੰ ਮੁਆਫ਼ ਕਰ ਦੇਵੇਗੀ ? ਸ਼ਾਇਦ ਨਹੀਂ ? ਮਾਫ਼ੀ ਤਾਂ ਗਲਤੀ ਦੀ ਮੰਗੀ ਤੇ ਦਿੱਤੀ ਜਾਂਦੀ ਹੈ। ਪਾਪ ਜਾਂ ਗੁਨਾਹ ਦੀ ਮਾਫ਼ੀ ਨਹੀਂ ਸਜ਼ਾ ਹੁੰਦੀ ਹੈ। ਕਿਹਾ ਜਾਂਦਾ ਹੈ ਕਿ ਸਿੱਖ ਧਰਮ ਦਾ ਇਹ ਸਿਧਾਂਤ ਹੈ ਕਿ ਜਿਹੜਾ ਕੰਠਿ ਆਵੇਂ ਉਸ ਗਲ ਲਾਵੇ'' ਪ੍ਰੰਤੂ ਉਹ ਗੁਨਾਹਗਾਰ, ਆਪਣੇ ਪੁਰਾਣੇ ਗੁਨਾਹਾਂ, ਪਾਪਾਂ ਤੋਂ ਤੋਬਾ ਕਰਕੇ, ਅੱਗੇ ਤੋਂ ਗੁਰੂ ਦਾ ਸਿੱਖ ਬਣਕੇ ਜ਼ਿੰਦਗੀ 'ਚ ਵਿਚਰਨ ਦਾ ਪ੍ਰਣ ਕਰਦਾ ਹੈ। ਸੱਜਣ ਠੱਗ ਦੀ ਉਦਾਹਰਣ, ਸਾਡੇ ਸਾਹਮਣੇ ਹਨ। ਜਿਸ ਪਰਿਵਾਰ ਨੇ ਹਮੇਸ਼ਾ ਕੁਰਸੀ ਲਈ ਕੌਮ ਨਾਲ ਗ਼ਦਾਰੀ ਕੀਤੀ ਹੋਵੇ, ਕੀ ਉਸ ਪਰਿਵਾਰ ਨੂੰ ਫ਼ਿਰ ਕੌਮ ਦੀ ਸਿਰਦਾਰੀ" ਬਖ਼ਸ਼ਣ ਲਈ ਮਾਫ਼ੀ ਦਿੱਤੀ ਜਾ ਸਕਦੀ ਹੈ ?

ਕੌਮ 'ਚ ਏਕਤਾ ਜ਼ਰੂਰੀ ਹੈ। ਪਰ ਕਣਕ 'ਚ ਕਾਂਗਿਆਰੀ ਦੂਰ ਕਰਨੀ ਜ਼ਰੂਰੀ ਹੁੰਦੀ ਹੈ। ਜਿਹੜਾ ਵਿਅਕਤੀ ਹਾਲੇ ਵੀ ਆਪਣੇ ਸਿਆਸੀ ਮਨੋਰਥ ਲਈ ਦੁਸ਼ਮਣ ਨਾਲ ਸਾਂਝ ਦੀ ਝਾਕ ਰੱਖਦਾ ਹੈ, ਉਸਦਾ ਮਨ ਵੀ ਸਾਫ਼ ਹੋਣ ਦੀ ਦਲੀਲ ਕਿਵੇਂ ਮੰਨ ਲਈਏ। ਚਾਹੀਦਾ ਤਾਂ ਇਹ ਸੀ ਕਿ ਸਪੱਸ਼ਟ ਸ਼ਬਦਾਂ 'ਚ ਸੁਖਬੀਰ ਬਾਦਲ ਕਹਿੰਦਾ ਕਿ ਸੌਦਾ ਸਾਧ ਦੇ ਥੱਲੇ ਲੱਗਕੇ ਸਿੱਖੀ ਦੇ ਘਾਣ ਬਦਲੇ, ਕੌਮ ਉਨਾਂ ਨੂੰ ਮਾਫ਼ੀ ਦੇਵੇ। ਉਹ ਅੱਗੇ ਤੋਂ ਨਾਲ ਕੌਮ ਦੇ ਸੱਚੇ ਸਪੂਤ ਬਣ ਕੇ ਰਹਿਣ ਨੂੰ ਤਰਜੀਹ ਦੇਣਗੇ। ਫ਼ਿਰ ਹੋ ਸਕਦਾ ਕੌਮ ਇਸ ਮਾਫ਼ੀ ਤੇ ਵਿਚਾਰ ਕਰਦੀ। ਅਸੀਂ ਆਪਣੇ ਇਹ ਵਿਚਾਰ ਕਿਸੇ ਤੇ ਥੋਪਣੇ ਨਹੀਂ ਚਾਹੁੰਦੇ, ਪ੍ਰੰਤੂ ਇਹ ਜ਼ਰੂਰ ਚਾਹੁੰਦੇ ਹਾਂ ਕਿ ਕੌਮ 'ਚ ਇਸ ਮਾਫ਼ੀ ਨੂੰ ਲੈ ਕੇ ਉਸਾਰੂ ਬਹਿਸ ਸ਼ੁਰੂ ਕੀਤੀ ਜਾਵੇ। ਕੌਮ ਨੂੰ ਇਸ ਮਾਫ਼ੀ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਜਾਂ ਸਜ਼ਾ ਲਾਉਣੀ ਚਾਹੀਦੀ ਹੈ। ਫੈਸਲਾ ਕੌਮ ਦੇ ਹੱਥ 'ਚ ਹੈ। -ਜਸਪਾਲ ਸਿੰਘ ਹੇਰਾਂ

# ਸੂਰੀ ਦੇ ਭਰਾ ਨੂੰ ਸੁਪਨੇ 'ਚ ਵੀ ਦਿਸਣ ਲੱਗੇ ਖਾੜਕੂ

ਅੰਮ੍ਰਿਤਸਰ-ਦਸੰਬਰ ਮਹੀਨੇ 'ਚ ਹਿੰਦੂ ਨੇਤਾ ਸੁਧੀਰ ਸੂਰੀ ਜਿਸਨੂੰ ਗੱਡੀ ਚੜ੍ਹਾ ਦਿੱਤਾ ਗਿਆ ਸੀ ਉਸਦੇ ਭਰਾ ਬ੍ਰਿਜ ਮੋਹਨ ਸੂਰੀ ਨੂੰ ਵੀ ਆਪਣੇ ਸੁਪਨੇ 'ਚ ਖਾੜਕੂ ਹੀ ਦਿੱਸਣ ਲੱਗ ਪਏ ਹਨ। ਬ੍ਰਿਜ ਮੋਹਨ ਨੇ ਦੋਸ਼ ਲਾਇਆ ਕਿ ਖਾੜਕੂਆਂ ਨੇ ਉਸਨੂੰ ਫ਼ੋਨ ਕਰਕੇ ਵਾਰਦਾਤ ਕਰਨ ਦੀ ਧਮਕੀ ਦਿੱਤੀ ਸੀ ਅਤੇ ਰਾਤ ਨੂੰ 12 ਵਜੇ ਗੋਲੀਆਂ ਚਲਾ ਦਿੱਤੀਆਂ ਜਿਸਦੇ ਜਵਾਬ ਵਿਚ ਸੂਰੀ ਨੇ ਵੀ ਗੋਲੀਆਂ ਚਲਾਈਆਂ ਜਦੋਂ ਕਿ ਪੁਲਿਸ ਨੇ ਅਜਿਹੀ ਕਿਸੇ ਵਾਰਦਾਤ ਤੋਂ ਇਨਕਾਰ ਕੀਤਾ ਹੈ। ਪੁਲਿਸ ਨੇ ਕਿਹਾ ਕਿ ਸ਼ਾਇਦ ਸੂਰੀ ਨੂੰ ਕੋਈ ਵਹਿਮ ਹੋ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਸ਼ਾਇਦ ਬ੍ਰਿਜ ਮੋਹਨ ਨੂੰ ਸੁੱਤਿਆ ਪਏ ਨੂੰ ਖਾੜਕੂਆਂ ਦੇ ਸੁਪਨੇ ਦਿਖਾਈ ਦੇਣ ਲੱਗ ਪਏ ਹਨ। ਰੱਬ ਖੈਰ ਕਰੇ ! ਵੈਸੇ ਇਹ ਚੰਗੀ ਨਿਸ਼ਾਨੀ ਨਹੀਂ। ਘਟਨਾ ਤੋਂ ਬਾਅਦ ਪੁਲਿਸ ਨੇ ਅਜੇ ਤੱਕ ਮਾਮਲਾ ਦਰਜ ਨਹੀਂ ਕੀਤਾ ਹੈ।


Expert Advice, Consultation & Representation in all your legal matters



FAMILY LAW
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

IMMIGRATION LAW
- Students, Workers and Visitors cases
- All Immigration matters
- Sponsorship cases

REAL ESTATE IN BC AND ALBERTA
- Sale and purchase of Residential and Commercial Properties in **BC** and **Alberta**
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

EMPLOYMENT LAW
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

CORPORATE & BUSINESS LAW
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

NOTARY SERVICES
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

BENEFITS OF CHOOSING US
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

CHARANJEET KAUR RAINA
LAWYER AND NOTARY PUBLIC

778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

# ਸ੍ਰੀ ਦਰਬਾਰ ਸਾਹਿਬ ਦੇ ਰਸਤੇ ਤੇ ਹੋਏ ਧਮਾਕਿਆਂ ਦੀ ਡੂੰਘਾਈ ਨਾਲ ਜਾਂਚ ਕਰਕੇ ਸੱਚ ਸਾਹਮਣੇ ਲਿਆਵੇ ਪੁਲਿਸ ਪ੍ਰਸ਼ਾਸ਼ਨ:ਐਡਵੋਕੇਟ ਧਾਮੀ

ਅੰਮ੍ਰਿਤਸਰ- ਸ੍ਰੀ ਅੰਮ੍ਰਿਤਸਰ ਅੰਦਰ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਆਉਂਦੇ ਵਿਰਾਸਤੀ ਮਾਰਗ ਉੱਤੇ ਹੋਏ ਦੋ ਧਮਾਕਿਆਂ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸ਼ਨ ਇਸ ਮਾਮਲੇ ਦੀ ਸੰਜੀਦਗੀ ਨਾਲ ਮੁਕੰਮਲ ਜਾਂਚ ਕਰਕੇ ਸੱਚ ਸਾਹਮਣੇ ਲਿਆਵੇ, ਤਾਂ ਜੋ ਸ਼ਰਧਾਲੂ ਭੈ ਮੁਕਤ ਹੋ ਕੇ ਸ਼ਰਧਾ ਪ੍ਰਗਟਾਅ ਸਕਣ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦਾ ਕੇਂਦਰੀ ਅਸਥਾਨ ਹੈ, ਜਿੱਥੇ ਇਕ ਪਾਸੇ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਨਤਮਸਤਕ ਹੋਣ ਆਉਂਦੀ ਹੈ, ਉੱਥੇ ਹੀ ਦੇਸ਼ ਦੁਨੀਆ ਤੋਂ ਵੱਖ-ਵੱਖ ਧਰਮਾਂ, ਫਿਰਕਿਆਂ ਅਤੇ ਵਰਗਾਂ ਦੇ ਲੋਕ ਵੀ ਇੱਥੇ ਪੁੱਜਦੇ ਹਨ। ਉਨ੍ਹਾਂ ਕਿਹਾ ਕਿ ਦੋ ਦਿਨਾਂ ਅੰਦਰ ਵਾਪਰੀਆਂ ਧਮਾਕੇ ਦੀ ਘਟਨਾਵਾਂ ਨਾਲ ਦੇਸ਼ ਦੁਨੀਆ ਤੋਂ ਅੰਮ੍ਰਿਤਸਰ ਪੁੱਜਦੇ ਲੋਕਾਂ ਅਤੇ ਸੰਗਤ ਦੇ ਮਨਾਂ ਅੰਦਰ ਕਈ ਤਰ੍ਹਾਂ ਦੇ ਸ਼ੰਕੇ ਅਤੇ ਸਵਾਲਾਂ ਦੇ ਨਾਲ-ਨਾਲ ਡਰ ਭੈਅ ਵੀ ਪੈਦਾ ਹੋਇਆ ਹੈ, ਜਿਸ ਬਾਰੇ ਪੰਜਾਬ ਸਰਕਾਰ ਨੂੰ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸੂਬਾ ਸਰਕਾਰ ਨੂੰ ਇਨ੍ਹਾਂ ਘਟਨਾਵਾਂ ਦਾ ਪਰਦਾਫਾਸ਼ ਕਰਕੇ ਸੰਗਤ ਅਤੇ ਅੰਮ੍ਰਿਤਸਰ ਪੁੱਜਦੇ ਲੋਕਾਂ ਨੂੰ ਭੈਅ ਮੁਕਤ ਕਰਕੇ ਆਉਣ ਲਈ ਮਾਹੌਲ ਦੇਣਾ ਚਾਹੀਦਾ ਹੈ।

## ਦਰਬਾਰ ਸਾਹਿਬ ਨੇੜੇ ਧਮਾਕੇ ਵੱਡੀ ਸਾਜਿਸ਼ ਦੇ ਸੰਕੇਤ-ਜਥੇਦਾਰ ਹਵਾਰਾ ਕਮੇਟੀ

ਅੰਮ੍ਰਿਤਸਰ (ਜਸਵੰਤ ਸਿੰਘ ਜੱਸ)-ਜਥੇਦਾਰ ਹਵਾਰਾ ਕਮੇਟੀ ਨੇ ਕਿਹਾ ਹੈ ਕਿ ਸ੍ਰੀ ਦਰਬਾਰ ਸਾਹਿਬ ਨਜ਼ਦੀਕ ਪਿਛਲੇ ਦੋ ਦਿਨਾਂ 'ਚ ਹੋਏ ਧਮਾਕਿਆਂ ਨੇ ਜਿੱਥੇ ਸੰਗਤ 'ਚ ਸਹਿਮ ਦਾ ਮਾਹੌਲ ਬਣਾਇਆ ਹੈ, ਉਥੇ ਇਸ ਗੱਲ ਦੀ ਸੰਭਾਵਨਾ ਹੈ ਕਿ ਇਨ੍ਹਾਂ ਧਮਾਕਿਆਂ ਪਿੱਛੇ ਕੋਈ ਵੱਡੀ ਸਾਜਿਸ਼ ਹੈ, ਜਿਸ ਦੇ ਚੱਲਦਿਆਂ ਸਿੱਖ ਧਰਮ ਦੇ ਸਰਬ-ਉੱਚ ਅਸਥਾਨ ਤੇ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਸਮੁੱਚੇ ਪੰਜਾਬ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਥੇਦਾਰ ਹਵਾਰਾ ਕਮੇਟੀ ਦੇ ਬੁਲਾਰੇ ਪ੍ਰੋ: ਬਲਜਿੰਦਰ ਸਿੰਘ ਨੇ ਜਾਰੀ ਬਿਆਨ ਵਿਚ ਕਿਹਾ ਕਿ ਸਿੱਖ ਸੰਗਤ ਅਤੇ ਸ਼੍ਰੋਮਣੀ ਕਮੇਟੀ ਨੂੰ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਅਤੇ ਅੰਦਰ ਚੌਕਸੀ ਵਧਾ ਦੇਣੀ ਚਾਹੀਦੀ ਹੈ।

## (ਮੁੱਖ ਪੰਨੇ ਦੀ ਬਾਕੀ)

ਤੇ ਫੇਰ ਦਿਨਾ ਵਿੱਚ ਹੀ ਜਥੇਬੰਦੀ ਦਾ ਘੇਰਾ ਦੂਰ ਦੂਰ ਤੱਕ ਫੈਲ ਗਿਆ।ਜੀਵਨ ਪਰਮਜੀਤ ਸਿੰਘ ਪੰਜਵੜ ਸੰਘਰਸ਼ ਦੇ ਜਰਨੈਲ ਹੋਣ ਦੇ ਨਾਲ ਨਾਲ ਨਿਜੀ ਤੌਰ ਤੇ ਵੀ ਇਕ ਦਿਲਚਸਪ ਯੋਧਾ ਸੀ। ਮਾਝੇ ਦੀ ਤਰਜ਼ੇ-ਜ਼ਿੰਦਗੀ ਉਸ ਦੇ ਸੁਭਾਅ ਦਾ ਜਗਦਾ ਮਘਦਾ ਹਿੱਸਾ ਸੀ। ਉਹ ਪੰਜਾਬੀ ਮੁਹਾਵਰਿਆ ਰਾਹੀਂ ਇਹੋ ਜਿਹਾ ਮਾਹੌਲ ਪੈਦਾ ਕਰ ਦਿੰਦਾ ਸੀ ਕਿ ਮਹਿਫਲ ਹਾਸਿਆਂ ਦੀ ਛਣਕਾਰ ਜਾਂਦੀ ਸੀ।ਉਹ ਕਿਸੇ ਵੀ ਮਸਲੇ ਨੂੰ ਬੜੇ ਧਿਆਨ ਨਾਲ ਸੁਣਦਾ ਅਤੇ ਲਗਾਤਾਰ ਸੁਣਦਾ ਰਹਿਦਾਂ ਅਤੇ ਫਿਰ ਆਪਣੀਂ ਵਾਰੀ ਆਉਂਣ ਤੇ ਮਿੰਟਾਂ ਵਿੱਚ ਹੀ ਨਿਚੋੜ ਕੱਢ ਕੇ ਰੱਖ ਦਿੰਦਾ।ਹੈਰਾਨ ਹੋ ਜਾਈਦਾ ਸੀ ਪਈ ਪੜ੍ਹਾਈਆਂ ਤੇ ਵੱਡੀਆਂ ਡਿਗਰੀਆਂ ਜਿੰਦਗੀ ਦੀਆਂ ਗੁੰਝਲਾਂ ਨੂੰ ਏਨੀ ਬਰੀਕੀ ਨਾਲ ਨਹੀਂ ਸਮਝ ਸਕਦੀਆਂ ਜਿੰਨੀ ਖਾਲਿਸਤਾਨ ਦੇ ਇਹ ਜਰਨੈਲ ਅਕਸਰ ਹੀ ਸਮਝ ਜਾਂਦੇ ਸਨ।ਇਸ ਸਮੇਂ ਮੈਨੂੰ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੀ ਯਾਦ ਆ ਗਈ  ਜੋ ਦਸ ਜਮਾਤਾ ਤੋਂ ਵੀ ਹੇਠਾ ਪੜਿਆ ਹੋਇਆ ਸੀ ਪਰ ਜਿਸਦੇ ਅਧੀਨ ਕੰਮ ਕਰਨ ਵਾਲੇ ਵੱਡੀਆਂ ਪੜ੍ਹਾਈਆ ਦੇ ਮਾਲਕ ਸਨ।ਲੇਕਿਨ ਭਾਈ ਗੁਰਜੰਟ ਸਿੰਘ ਦੀ ਅਗਵਾਈ ਵਿੱਚ ਕੰਮ ਕਰਨ ਨੂੰ ਮਾਣ ਸਮਝਦੇ ਸਨ।ਉਹਨਾਂ ਹੀ ਦਿਨਾਂ ਦੀ ਇਕ ਘਟਨਾ ਯਾਦ ਮੈਨੂੰ ਯਾਦ ਆ ਗਈ। ਪੰਜਵੜ ਅਤੇ ਯੂਪੀ ਦਾ ਇਕ - ਹੋਰ ਰੂਪੇਸ਼ ਸਿੰਘ ਸਾਡੇ ਕੋਲ :ਚੰਡੀਗੜ੍ਹ ਵਿਚ ਠਹਿਰੇ ਹੋਏ । ਸਨ। ਅਸਲ ਵਿੱਚ ਉਸੇ ਦਿਨ ਹੀ ਭਾਈ ਗੁਰਜੰਟ ਸਿੰਘ ਦੀ ਸ਼ਹਾਦਤ ਹੋਈ ਸੀ। ਜਦੋਂ ਮੈਂ ਸ਼ਹਾਦਤ ਦੀ ਖਬਰ ਉਨ੍ਹਾਂ ਸਿੰਘਾਂ ਨੂੰ ਸੁਣਾਈ ਤਾਂ ਇੱਕ ਵਾਰ ਤਾਂ ਮਾਹੌਲ ਵਿਚ ਸੋਨਾਟਾ ਛਾ ਗਿਆ ਕਿਉਂਕਿ ਭਾਈ ਗੁਰਜੰਟ ਸਿੰਘ ਦਾ ਜਾਣਾ ਕੋਈ ਸਧਾਰਨ ਘਟਨਾ ਨਹੀਂ ਸੀ। ਇਉਂ ਲਗਦਾ ਸੀ ਜਿਵੇਂ ਪੰਜਾਬ ਵਿੱਚ ਇਕ ਵੱਡਾ ਭੂਚਾਲ ਆ ਗਿਆ ਸੀ।ਇਹ ਸਿੰਘ ਉਸ ਦਿਨ ਭਾਈ ਗੁਰਜੰਟ ਸਿੰਘ ਦੇ ਐਕਸ਼ਨਾ ਬਾਰੇ ਉਹ ਉਹ ਗੱਲਾਂ ਦੱਸਦੇ ਰਹੇ ਇਉਂ ਲਗਦਾ ਸੀ ਜਿਵੇਂ ਇਹ ਕਾਰਨਾਮੇ ਇਸ ਦੁਨੀਆ ਵਿਚ ਨਹੀਂ ਵਾਪਰੇ ਸਗੋਂ ਕਿਸੇ ਮਸ਼ਹੂਰ ਲੇਖਕ ਦੇ ਨਾਵਲ ਦਾ ਹਿੱਸਾ ਹਨ। ਫਿਰਅਚਾਨਕ ਗੱਲਾਂ ਕਰਦਿਆਂ ਪਰਮਜੀਤ ਸਿੰਘ ਮੰਜੇ ਤੋਂ ਹੇਠਾਂ ਦਲਜੀਤ ਸਿੰਘ,ਭਾਈ ਹਰਮਿੰਦਰ ਨਾਲ ਦਰੀ ਤੇ ਬੈਠ ਗਏ ਅਤੇ ਉਨ੍ਹਾਂ ਦੇ ਰੋਣ  ਨਾਲ ਅਸੀਂ ਸਾਰੇ ਉਦਾਸ ਹੋ ਗਏ। ਜਿਹੜੀ ਗੱਲ ਮੈਂ ਇੱਥੇ ਦੱਸਣਾ ਚਾਹੁੰਦਾ ਹਾਂ ਉਹ ਗੱਲ ਇਹ ਹੈ ਕਿ ਦਸਮੇਸ਼ ਦੇ ਸਿੰਘ ਸ਼ਹਾਦਤਾਂ ਨੂੰ ਕਿਵੇਂ ਲੈਂਦੇ ਹਨ ਅਤੇ ਉਦਾਸੀ ਤੋਂ ਪਿਛੋਂ ਕਿਵੇਂ ਫਿਰ ਝੱਟਪਟ ਇਹ ਉਦਾਸੀਆਂ ਹਾਸਿਆਂ ਦੀ ਥਾਂ ਲੈ ਲੈਂਦੀਆਂ ਹਨ।ਇਹ ਉਹ ਪਲ ਸਨ ਜਦੋਂ ਅਠਾਰਵੀਂ ਸਦੀ ਦੇ ਸਿੰਘਾਂ ਦੇ ਸੰਘਰਸ਼ ਦੀਆਂ ਯਾਦਾਂ ਨਾਲ ਇਕ ਵੱਖਰੀ ਕਿਸਮ ਦੀ ਸਾਂਝ ਬਣ ਗਈ ਸੀ। ਇਸ ਤੋਂ ਪਿੱਛੋਂ ਭਾਈ ਦਲਜੀਤ ਸਿੰਘ ਅਤੇ ਭਾਈ ਪਰਮਜੀਤ ਸਿੰਘ ਨੇ ਗੁਰਜੰਟ ਦੀਆਂ ਹੋਰ ਗੱਲਾਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ ਜੋ ਦੇਰ ਰਾਤ ਰਾਤ ਤੱਕ ਚਲਦੀਆਂ ਰਹੀਆਂ।ਕਿਸ ਤਰ੍ਹਾਂ ਦੇ ਉਹ ਦਿਨ ਸਨ, ਕਿਹੋ ਜਿਹੋ ਉਹ ਪਲ ਸਨ, ਕਿਸ ਤਰ੍ਹਾਂ ਦਾ ਮਾਹੌਲ ਸੀ ਕਿ ਕਾਸ਼ ਕੋਈ ਟਾਲਸਤਾਏ ਜਾਂ ਦਾਸਤੋਵਸਕੀ ਵਰਗਾ ਇਨ੍ਹਾਂ ਯਾਦਾਂ ਨੂੰ 'ਸਾਂਭ ਸਕਦਾ। ਇਹ ਯਾਦਾਂ ਅੱਜ ਦੀ ਨੌਜਵਾਨ ਪੀੜ੍ਹੀ ਦੇ ਲੇਖਕਾਂ ਲਈ ਇੱਕ ਅੰਗਾਰ ਹੈ,ਇਕ ਗੰਭੀਰ ਚੁਣੌਤੀ ਹੈ।ਭਾਈ ਪਰਮਜੀਤ ਸਿੰਘ ਪੰਜਵੜ ਚਲੇ ਗਏ ਹਨ ਪਰ ਕੀ ਉਹ ਚਲੇ ਗਏ ਹਨ? ਸ਼ਹੀਦ ਭਾਈ ਗੁਰਬਚਨ ਸਿੰਘ ਮਾਨੋਚਾਹਲ ਦੀ ਇਕ ਕਵਿਤਾ ਦੀਆਂ ਸਤਰਾਂ ਯਾਦ ਆ ਰਹੀਆਂ ਹਨ 'ਭਾਵੇਂ ਅਸੀਂ ਚਲੇ ਜਾਈਏ ਪਰ ਫਿਰ ਵੀ ਅਸੀਂ ਇਥੇ ਹੀ ਰਹਾਂਗੇ'। ਭਾਈ ਸੁਖਦੇਵ ਸਿੰਘ ਬੱਬਰ, ਭਾਈ ਛੰਦੜਾਂ, ਭਾਈ ਜਟਾਣਾ, ਭਾਈ ਸੁੱਖਾ-ਜਿੰਦਾ ਅਤੇ ਹਜ਼ਾਰਾ ਸਿੰਘ ਵੱਖਰੇ ਵੱਖਰੇ ਰੂਪਾਂ ਵਿੱਚ ਕਿਤੇ ਨਾ ਕਿਤੇ  ਅਜ ਵੀ ਇਥੇ ਹੀ ਤੁਰੇ ਫਿਰਦੇ ਹਨ ਪਰ ਹਾਂ ਦੇਖਣ ਵਾਲੀ ਨਜ਼ਰ ਚਾਹੀਦੀ ਹੈ। ***ਕਰਮਜੀਤ ਸਿੰਘ ਚੰਡੀਗੜ੍ਹ, ਸੀਨੀਅਰ ਪੱਤਰਕਾਰ**






# ਗੁਰਦਵਾਰਾ ਨਾਨਕ ਨਿਵਾਸ ਦੇ ਪਤਵੰਤੇ ਸੱਜਣ





ਵਲੰਟੀਅਰ ਹਰ ਇਕ ਕਮਿਊਨਿਟੀ ਦਾ ਥੰਮ ਹੁੰਦੇ ਹਨ। ਉਹ ਅਣਗਿਣਤ ਸਮਾਂ ਕਮਿਊਨਿਟੀ ਦੇ ਕੰਮਾਂ ਲਈ ਬਿਨਾਂ ਕਿਸੇ ਮਤਲਬ ਦੇ ਸੇਵਾ ਕਰਨ ਵਿਚ ਲਾਉਂਦੇ ਹਨ। ਸਾਡੇ ਆਪਣੇ ਚੈਨ ਸਿੰਘ ਬਾਠ, ਅਵਤਾਰ ਸਿੰਘ ਸੱਧਰ ਅਤੇ ਗੁਰਰਚਰਨ ਸਿੰਘ ਗਰੇਵਾਲ ਇਹੋ ਜਿਹੇ ਇਨਸਾਨ ਹਨ ਜੋ ਹਰ ਵੇਲੇ ਸੇਵਾ ਕਰਨ ਲਈ ਤਿਆਰ ਰਹਿੰਦੇ ਹਨ। ਪੰਜਾਬ ਦੇ ਜਿਲ੍ਹਾ ਹੋਸ਼ਿਆਰਪੁਰ ਦੇ ਪਿੰਡ ਬੱਠਲਾਂ ਵਿਚ ਜਨਮੇ ਅਤੇ ਪਲੇ ਚੈਨ ਸਿੰਘ ਬਾਠ ਨੇ ਜਵਾਨੀ ਸਮੇਂ ਅਧਿਆਪਿਕ ਬਨਣ ਦਾ ਫੈਸਲਾ ਕੀਤਾ। ਛੇਤੀ ਹੀ ਉਹਨਾਂ ਨੇ ਆਪਣੀ ਮਿਹਨਤ ਸਦਕਾ ਅਧਿਆਪਿਕ ਦਾ ਕੋਰਸ ਪੂਰਾ ਕਰ ਲਿਆ ਅਤੇ ਇਕ ਅਧਿਆਪਿਕ ਵਜੋਂ ਕੰਮ ਸ਼ੁਰੂ ਕਰ ਦਿੱਤਾ। ਪਰ ਛੇਤੀ ਹੀ ਉਹਨਾਂ ਦਾ ਅੰਨਜਲ ਇੰਗਲੈਂਡ ਦਾ ਹੋ ਗਿਆ। 1962 ਵਿਚ ਉਹ ਇੰਗਲੈਂਡ ਪਹੁੰਚ ਗਏ। ਉਹਥੇ ਚੈਨ ਸਿੰਘ ਹੁਰਾਂ ਨੇ ਸਰਟੀਫਾਈਡ ਵੈਲਡਰ ਇਕ ਮਿਊਨਸਪਲ ਬੱਸ ਕੰਪਨੀ ਵਿਚ ਡਰਾਈਵਰ ਵਜੋਂ ਕੰਮ ਸ਼ੁਰੂ ਕਰ ਦਿੱਤਾ ਅਤੇ ਸੱਤ ਸਾਲ ਇਸ ਕੰਮ ਤੇ ਨਾਮਣਾ ਖੱਟਿਆ। 1969 ਵਿਚ ਉਹ ਕੈਨੇਡਾ ਪਹੁੰਚ ਗਏ। ਇਹਥੇ ਉਹਨਾਂ ਨੇ ਰਿਚਮੰਡ ਵਿਖੇ ਇਕ ਬੈਰੀ ਫਾਰਮ ਖਰੀਦ ਲਈ ਅਤੇ ਸੈਟਲ ਹੋ ਗਏ। ਬਾਠ ਸਹਿਬ ਨੇ ਇਥੇ ਲੰਬਰ ਇੰਡਸਟਰੀ ਵਿਚ ਚਾਰ ਸਾਲ ਆਪਣਾ ਯੋਗਦਾਨ ਪਾਇਆ। ਛੇਤੀ ਹੀ ਉਹ ਬੀ.ਸੀ.. ਐਮਬੂਲੈਂਸ ਸਰਵਿਸ ਦੀ ਰਿਚਮੰਡ ਇਕਾਈ ਵਿਚ ਇੱਕ ਪੈਰਾਮੈਡਿਕ ਵਜੋਂ ਚੁਣੇ ਗਏ। ਚੈਨ ਸਿੰਘ ਬਾਠ ਸਾਡੀ ਕਮਿਊਨਿਟੀ ਦੇ ਪਹਿਲੇ ਵਿਅਕਤੀ ਸਨ ਜੋ ਰਿਚਮੰਡ ਵਿਚ ਪੈਰਾਮੈਡਿਕ ਬਣੇ। ਉਹਨਾਂ ਨੇ 22 ਸਾਲ ਇਕ ਪੈਰਾਮੈਡਿਕ ਵਜੋਂ ਬਹੁਤ ਹੀ ਮਿਹਨਤ, ਲਗਨ ਅਤੇ ਪਿਆਰ ਭਾਵਨਾਂ ਨਾਲ ਕੰਮ ਕੀਤਾ। ਇਸ ਲਈ ਉਹਨਾਂ ਨੂੰ ਕਾਫੀ ਸਨਮਾਨ ਭੀ ਮਿਲੇ। ਬਾਠ ਹੁਰਾਂ ਦੇ ਸਾਥੀ ਭੀ ਉਹਨਾਂ ਦੇ ਕੰਮ ਅਤੇ ਲਗਨ ਦੀ ਹਾਲੇ ਭੀ ਬਹੁਤ ਸ਼ਲਾਘਾ ਕਰਦੇ ਹਨ। ਇਕ ਸਤਿਕਾਰਯੋਗ ਰਿਟਾਇਰਡ ਪੈਰਾਮੈਡਿਕ ਹੋਣ ਦੇ ਨਾਲ ਹੀ ਚੈਨ ਸਿੰਘ ਬਾਠ ਤਕਰੀਬਨ 40 ਸਾਲ ਤੋਂ ਰਿਚਮੰਡ ਸਥਿਤ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ ਨੰਬਰ 5 ਰੋਡ ਰਿਚਮੰਡ ਵਿਖੇ ਸੇਵਾ ਕਰ ਰਹੇ ਹਨ। ਇਸ ਪੱਖੋਂ ਉਹਨਾਂ ਨੇ ਪ੍ਰਬੰਧਕ ਕਮੇਟੀ ਦੇ ਵੱਖਰੇ ਵੱਖਰੇ ਔਹਦਿਆਂ ਤੇ ਰਹਿ ਕੇ ਸੇਵਾ ਕੀਤੀ ਹੈ। ਹੁਣ ਭੀ ਉਹ ਇਸ ਗੁਰੂ ਘਰ ਵਿਖੇ ਸਵੇਰ ਤੋਂ ਸ਼ਾਮ ਤਕ ਬਹੁਤ ਹੀ ਪਿਆਰ ਅਤੇ ਸ਼ਰਧਾ ਨਾਲ ਸੇਵਾ ਕਰਦੇ ਹਨ। ਉਹਨਾਂ ਦੇ ਨਾਲ ਅਧਿਆਪਿਕ ਵਜੋਂ ਕੰਮ ਕਰਦੇ ਅਤੇ ਉਹਨਾਂ ਦੇ ਸਤਿਕਾਰਯੋਗ ਦੋਸਤ ਅਤੇ ਬੁੱਧੀਜਵੀ ਅਵਤਾਰ ਸਿੰਘ ਸੱਧਰ ਪੰਜਾਬ ਦੇ ਵੱਖਰੇ ਵੱਖਰੇ ਸਕੂਲਾਂ ਵਿਚ ਅਧਿਆਪਿਕ , ਪੰਜਾਬੀ ਦੇ ਲੈਕਚਰਰ ਅਤੇ ਹੈਡਮਾਸਟਰ ਅਤੇ ਪ੍ਰਿੰਸੀਪਲ ਵਜੋਂ 1958 ਤੋਂ 1991 ਤਕ ਸੇਵਾ ਨਿਭਾਂਉਣ ਉਪਰੰਤ 1991 ਵਿਚ ਕੈਨੇਡਾ ਆ ਗਏ। ਦੋ ਸਾਲ ਐਡਮੈਂਟਨ ਵਿਚ ਰਹਿਣ ਤੋਂ ਬਾਂਅਦ ਸੱਧਰ ਸਾਹਿਬ ਮੈਟਰੋ ਵੈਨਕੋਵਰ ਆ ਗਏ। ਇਥੇ ਇਕ ਵਿਆਹ ਵਿਚ ਉਹਨਾਂ ਦੀ ਮੁਲਾਕਾਤ ਆਪਣੇ ਪੁਰਾਣੇ ਦੋਸਤ ਚੈਨ ਸਿੰਘ ਬਾਠ ਨਾਲ ਹੋਈ। ਬਾਠ ਸਾਹਿਬ ਦੇ ਕਹਿਣ ਤੇ ਸੱਧਰ ਸਾਹਿਬ ਭੀ ਉਹਨਾਂ ਨਾਲ ਗਰੁਦਵਾਰਾ ਨਾਨਕ ਨਿਵਾਸ ਨੰਬਰ 5 ਰੋਡ ਰਿਚਮੰਡ ਨਾਲ ਜੁੜ ਗਏ।

ਹੁਣ ਤਕ ਇਹ ਦੋਨੋਂ ਸੱਜਣ ਆਪਣੇ ਤੀਸਰੇ ਸਾਥੀ ਗੁਰਚਰਨ ਸਿੰਘ ਗਰੇਵਾਲ ਨਾਲ ਇਸ ਗੁਰੂ ਘਰ ਵਿਖੇ ਹਰ ਰੋਜ ਸਵੇਰ ਤੋਂ ਸ਼ਾਮ ਤਕ ਵਲੰਟੀਅਰਾਂ ਵਜੋਂ ਸੇਵਾ ਕਰ ਰਹੇ ਹਨ ਲੁਧਿਅਣੇ ਜ਼ਿਲੇ ਦੇ ਮਸ਼ਹੂਰ ਪਿੰਡ ਨਾਰੰਗਵਾਲ ਦਾ ਜੰਪਪਲ ਗੁਰਚਰਨ ਸਿੰਘ ਗਰੇਵਾਲ 20 ਸਾਲ ਦੀ ਉਮਰ ਵਿਚ ਆਪਣੀ ਛੋਟੀ ਭੈਣ ਨਾਲ ਲੰਡਨ ,ਇੰਗਲੈਂਡ ਪੁਹੰਚ ਗਿਆ। ਕੁਝ ਸਮਾਂ ਇਕ ਰਬੜ ਫੈਕਟਰੀ ਵਿਚ ਕਮੰ ਕਰਨ ਤੋਂ ਬਾਅਦ ਉਸ ਨੂੰ ਬਰਿਟਿਸ਼ ਏਰਵੇਜ ਨਾਲ ਨੌਕਰੀ ਮਿਲ ਗਈ। ਇਹਨਾਂ ਉਹਥੇ ਦਸ ਸਾਲ ਕੰਮ ਕੀਤਾ ਅਤੇ 1968 ਵਿਚ ਉਹ ਕੈਨੇਡਾ ਆ ਗਏ । ਇਹਥੇ ਉਹਨਾਂ 1969 ਤੋਂ 2005 ਤੱਕ ਇਕ ਬਹੁਤ ਹੀ ਸਫਲ ਸੇਲਜਮੈਨ ਵਜੋਂ ਬਰਨੇਬੀ ਸੱਥਿਤ ਕਾਰਟਰ ਪੌਂਟੀਆਕ ਜੀ ਐਮ ਵਿਚ ਕੰਮ ਕੀਤਾ। ਗਰੇਵਾਲ ਸਾਹਿਬ ਆਪਣੇ ਅੱਠ ਪੋਤਰੇ ਪੋਤਰੀਆਂ, ਦੋਹਤੇ ਬਦੋਹਤੀਆਂ ਅਤੇ ਪੰਜ ਪੜਪੋਤੇ ਪੜਪੋਤੀਆਂ ਅਤੇ ਪੜਦੋਹਤੇ ਪੜਦੋਹਤੀਆਂ ਦਾ ਬਹੁਤ ਪਿਆਰ ਅਤੇ ਮਾਣ ਕਰਦੇ ਹਨ। ਖੇਡਾਂ ਵਿਚ ਸ਼ੌਕ ਰੱਖਣ ਦੇ ਨਾਲ ਉਹ ਬਚਿੱਆ ਨੂੰ ਭੀ ਬਹੁਤ ਖੁਸ਼ ਰਖਦੇ ਹਨ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਵਲੋਂ ਅਸੀ ਇਹਨਾਂ ਤਿੰਨਾਂ ਸੱਜਣਾਂ ਦਾ ਬਹੁਤ ਧੰਨਵਾਦ ਕਰਦੇ ਹਾਂ ਅਤੇ ਆਪਣੀਆਂ ਸ਼ੁਭ ਇਸ਼ਾਵਾ ਭੇਂਟ ਕਰਦੇ ਹਾਂ। ਸਾਡੇ ਸਭ ਲਈ ਚੈਨ ਸਿੰਘ ਬਾਠ, ਅਵਤਾਰ ਸਿੰਘ ਸੱਧਰ ਅਤੇ ਗੁਰਚਰਨ ਸਿੰਘ ਗਰੇਵਾਲ ਬਹੁਤ ਹੀ ਆਦਰਸ਼ ਰੋਲ ਮੌਡਲ ਹਨ। ਇਹਨਾਂ ਦੀਆਂ ਅਣਥਕ ਸੇਵਾਵਾਂ ਲਈ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਉਹਨਾਂ ਦੀ ਬਹੁਤ ਧੰਨਵਾਦੀ ਹੈ। ਅਸੀਂ ਹਰ ਵੇਲੇ ਉਹਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ। -ਬਲਵੰਤ ਸਿੰਘ ਸੰਘੇੜਾ -

**ਜਨਰਲ ਸਕੱਤਰ, ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ**

**ਗੁਰਦਵਾਰਾ ਨਾਨਕ ਨਿਵਾਸ,8600 #5 ਰੋਡ, ਰਿਚਮੰਡ,ਬੀ.ਸੀ. ਕੈਨੇਡਾ**

# ਬ੍ਰਿਜਭੂਸ਼ਣ ਗਲਤ ਤਰੀਕੇ ਨਾਲ ਛੂੰਹਦੇ ਸਨ



ਦਿੱਲੀ:-ਸੱਤ ਮਹਿਲਾ ਪਹਿਲਵਾਨਾਂ ਨੇ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਭਾਜਪਾ ਆਗੂ ਬ੍ਰਿਜ ਭੂਸ਼ਣ ਖਿਲਾਫ ਸ਼ਿਕਾਇਤ ਦਰਜ ਕਰਵਾਈ ਹੈ। ਇਨ੍ਹਾਂ ਵਿੱਚੋਂ ਦੋ ਔਰਤਾਂ ਦੀ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਬ੍ਰਿਜ ਭੂਸ਼ਣ ਟੂਰਨਾਮੈਂਟਾਂ, ਅਭਿਆਸ ਸੈਸ਼ਨਾਂ ਅਤੇ ਦਿੱਲੀ ਵਿੱਚ ਫੈਡਰੇਸ਼ਨ ਦੇ ਦਫ਼ਤਰ ਵਿੱਚ ਮਹਿਲਾ ਪਹਿਲਵਾਨਾਂ ਨੂੰ ਬੁਲਾ ਕੇ ਅਣਉਚਿਤ ਢੰਗ ਨਾਲ ਛੂੰਹਦਾ ਅਤੇ ਜੱਫੀਆਂ ਪਾਉਂਦਾ ਤੇ ਗਲਤ ਹਰਕਤਾਂ ਕਰਦਾ ਸੀ।



Free Acupuncture & Cupping

MSP Covered Premium Assistance under 10 treatments FREE

| WE TREAT : | ਅਸੀਂ ਇਲਾਜ ਕਰਦੇ ਹਾਂ : |
|---|---|
| • BACK PAIN | • ਪਿੱਠ ਦੀ ਦਰਦ |
| • NECK PAIN | • ਗਰਦਨ ਦੀ ਦਰਦ |
| • HEEL PAIN | • ਅੱਡੀ ਦਾ ਦਰਦ |
| • SHOULDER PAIN | • ਮੋਢਿਆਂ ਦੀ ਦਰਦ |
| • KNEE PAIN | • ਗੋਡਿਆਂ ਦੀ ਦਰਦ |
| • SCIATICA NERVE PAIN | • ਸਕਾਈਟਿਕਾ ਨਰਵ ਦਰਦ |

BEIJING ACUPUNCTURE & TCM CLINIC

778.385.3346






R.AC LEE SEUNG YEON

9631-136A ST SURREY (ACROSS SURREY MEMORIAL HOSPITAL)

EMAIL: gab9113@gmail.com






Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400



ਮਨ ਮਨੁੱਖ ਦੀ ਕੁੰਜੀ ਹੈ Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਊਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

# ਵੇਖੋ ! ਕੀ ਇਹ ਉਹੀ ਬਜ਼ੁਰਗ ਹੈ ਜਿਹੜਾ ਗੁਜ਼ਾਰਦਾ ਸੀ ਨਰਕ ਰੂਪੀ ਜ਼ਿੰਦਗੀ ਆਸ਼ਰਮ ਵਿੱਚ ਆਉਣ ਤੋਂ ਪਹਿਲਾਂ ਕੁਲਦੀਪ ਕੁਮਾਰ ਤੇ ਹੁਣ ਕੁਲਦੀਪ ਸਿੰਘ





ਲੁਧਿਆਣਾ:ਕੁਲਦੀਪ ਕੁਮਾਰ ( ਉਮਰ 60 ਸਾਲ) ਫਿਰੋਜ਼ਪੁਰ ਜ਼ਿਲ੍ਹੇ ‘ਚ ਪੈਂਦੇ ਪਿੰਡ ਤਲਵੰਡੀ ਭਾਈ ਦੇ ਇੱਕ ਖੁਸ਼ਹਾਲ ਪਰਿਵਾਰ ਵਿੱਚ ਜੰਮਿਆ ਪਲਿਆ, ਹੱਸਿਆ ਖੇਡਿਆ।ਕੁਲਦੀਪ ਕੁਮਾਰ ਦੀਆਂ ਦੋ ਭੈਣਾ, ਇੱਕ ਭਰਾ, ਭਤੀਜੇ, ਭਾਣਜੇ ਸਾਰੇ ਹੀ ਬਾਹਰਲੇ ਮੁਲਕਾਂ ‘ਚ ਸੈਟ ਹੋ ਗਏ। ਕੁਲਦੀਪ ਕੁਮਾਰ ਦਾ ਆਪਣਾ ਕੋਈ ਘਰ-ਬਾਰ ਜਾਂ ਪਰਿਵਾਰ ਨਾ ਹੋਣ ਕਰਕੇ ਆਪਣੇ ਭਰਾ ਦੇ ਮਕਾਨ ‘ਚ ਇੱਕ ਕਮਰੇ ‘ਚ ਰਹਿੰਦਾ ਸੀ।

ਦਿਮਾਗੀ ਸੰਤੁਲਨ ਠੀਕ ਨਾ ਹੋਣ ਕਰਕੇ ਉਹ ਘਰ ਤੋਂ ਬਾਹਰ ਰਾਸਤਿਆਂ ਵਿਚਲਾ ਕੂੜਾ-ਕਰਕਟ ਚੁੱਕ ਕੇ ਘਰ ਲੈ ਆਂਉਦਾ ਅਤੇ ਉਸ ਦੇ ਢੇਰ ਘਰ ਦੇ ਵਿਹੜੇ ਵਿੱਚ ਲਗਾਈ ਜਾਂਦਾ ਸੀ। ਉਸ ਨੇ ਆਪਣੇ ਕਮਰੇ ਵਿਚਲੇ ਸਮਾਨ (ਕੱਪੜੇ, ਕੂਲਰ, ਮੋਟਰ ਸਾਇਕਲ, ਦਰਵਾਜ਼ੇ-ਖਿੜਕੀਆਂ, ਟੂਟੀਆਂ, ਮੰਜ਼ੇ, ਕੁਰਸੀਆਂ) ਦੀ ਤੋੜ ਭੰਨ ਕਰਕੇ ਵਿਹੜੇ ਵਿੱਚ ਖਿਲਾਰਿਆ ਪਿਆ ਸੀ । ਇੱਕ ਤਰ੍ਹਾਂ ਦੀ ਨਰਕ ਭਰੀ ਜ਼ਿੰਦਗੀ ਬਤੀਤ ਕਰ ਰਿਹਾ ਸੀ।

ਮੁਹੱਲਾ ਵਾਸੀਆਂ ਦੇ ਦੱਸਣ ਮੁਤਾਬਕ ਇਹ ਕਈ ਸਾਲਾਂ ਤੋਂ ਦਿਨ ਰਾਤ-ਗਲੀਆਂ ਵਿੱਚ ਘੁੰਮਦਾ ਰਹਿੰਦਾ ਸੀ। ਜੇਕਰ ਕੋਈ ਤਰਸ ਖਾ ਕੇ ਖਾਣ ਨੂੰ ਕੁੱਝ ਦੇ ਦਿੰਦਾ ਤਾਂ ਕਈ ਵਾਰ ਖਾ ਲੈਂਦਾ ਸੀ ਨਹੀ ਤਾਂ ਸੁੱਟ ਵੀ ਦਿੰਦਾ ਸੀ ।

ਨਾ ਹੀ ਇਸ ਨੂੰ ਕੱਪੜੇ ਪਾਉਣ ਦੀ ਕੋਈ ਸੁੱਧ-ਬੁੱਧ ਸੀ। ਉੱਪਰ ਟੀ-ਸ਼ਰਟ ਅਤੇ ਨੀਚੇ ਜਨਾਨਾ ਸਲਵਾਰ ਪਾ ਕੇ ਲਵਾਰਸਾਂ ਦੀ ਤਰ੍ਹਾਂ ਘੁੰਮਦਾ ਰਹਿੰਦਾ ਸੀ। ਹੱਥਾਂ-ਪੈਰਾਂ ਦੇ ਵਧੇ ਹੋਏ ਨਹੁੰ, ਖਿਲਰੇ ਵਾਲ, ਮੈਲੇ-ਕੁਚੈਲੇ ਕੱਪੜੇ, ਪੈਰੋਂ ਨੰਗਾ, ਨਾ ਹੀ ਇਸ ਨੂੰ ਗਰਮੀ-ਸਰਦੀ ਦਾ ਪਤਾ ਲਗਦਾ ਸੀ। ਇੱਕ ਦਿਨ ਕਿਸੇ ਭਲੇ ਪੁਰਸ਼ ਨੇ ਤਰਸ ਖਾ ਕੇ ਫਿਰੋਜ਼ਪੁਰ ਸਥਿੱਤ ਭਗਤ ਪੂਰਨ ਸਿੰਘ ਸੁਸਾਇਟੀ ਨਾਲ ਸੰਪਰਕ ਕੀਤਾ ਤਾਂ ਕਿ ਇਸਨੂੰ ਕਿਸੇ ਆਸ਼ਰਮ ਵਿੱਚ ਛੱਡ ਦਿੱਤਾ ਜਾਵੇ।

ਸੁਸਾਇਟੀ ਦੇ ਸੇਵਾਦਾਰਾਂ ਵੱਲੋਂ ਇਸਨੂੰ 3 ਮਈ ਨੂੰ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਛੱਡ ਦਿੱਤਾ ਗਿਆ ਹੈ।ਕੁਲਦੀਪ ਕੁਮਾਰ ਆਸ਼ਰਮ ਵਿੱਚ ਆ ਕੇ ਬਹੁਤ ਖੁਸ਼ ਹੈ । ਦੋ ਦਿਨਾਂ ਦੀ ਸੰਭਾਲ ਨਾਲ ਹੀ ਇਸ ਦੀ ਹਾਲਤ ਬਦਲ ਗਈ ਹੈ। ਉਮੀਦ ਹੈ ਕਿ ਦਿਮਾਗੀ ਇਲਾਜ ਹੋਣ ਨਾਲ ਇਹ ਵੀ ਚੰਗੇ-ਭਲੇ ਵਿਅਕਤੀਆਂ ਦੀ ਤਰ੍ਹਾਂ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਸਕੇਗਾ।

ਇਸ ਸੰਸਥਾ ਦੇ ਬਾਨੀ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ ਜਿਨ੍ਹਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਤਰਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ।

ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ।

**ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ: ਆਸ਼ਰਮ:95018-42505; ਡਾ. ਨੌਰੰਗ ਸਿੰਘ ਮਾਂਗਟ:95018-42506; ਕੈਨੇਡਾ:403-401-8787**


FEEL GREAT SYSTEM

ਕੀ ਤੁਸੀਂ ਵੀ ਇਹਨਾਂ ਸਮੱਸਿਆਵਾਂ ਨਾਲ ਜੂਝ ਰਹੇ ਹੋ?

- ✓ ਸ਼ੂਗਰ ਕੰਟਰੋਲ
- ✓ ਕੋਲੈਸਟ੍ਰੋਲ ਕੰਟਰੋਲ
- ✓ ਥਾਇਰਾਇਡ ਕੰਟਰੋਲ
- ✓ ਮਾਈਗਰੇਨ ਕੰਟਰੋਲ
- ✓ ਬਲੱਡ ਪ੍ਰੈਸ਼ਰ ਕੰਟਰੋਲ
- ✓ ਭਾਰ ਕੰਟਰੋਲ
- ✓ ਜੋੜਾਂ ਦਾ ਦਰਦ
- ✓ ਸਰੀਰ ਵਿੱਚ ਥਕਾਵਟ ਰਹਿਣਾ
- ✓ ਹਾਰਮੋਨਲ ਅਸੰਤੁਲਨ
- ✓ PCOS/PCOD
- ✓ ਪਾਚਨ ਸੰਬੰਧੀ ਸਮੱਸਿਆਵਾਂ

ARE YOU FIGHTING WITH THESE PROBLEMS:

- ✓ Diabetes Control
- ✓ Cholesterol Control
- ✓ Thyroid Control
- ✓ Migraine Control
- ✓ Blood Pressure Control
- ✓ Weight Control
- ✓ Joints Pain
- ✓ Low Energy
- ✓ Hormonal Imbalance
- ✓ PCOS/PCOD
- ✓ Digestive Problems

If you want good health do not wait just call +1604-537-9744 after 4:30 pm or msg on whatsaap

WE HAVE GOT ONE STOP SOLUTION FOR ALL THESE PROBLEMS AND IT'S 100% NATURAL PLANT BASED



T&S Transportation

Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333



A TO Z DRIVING SCHOOL

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ



- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ






ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey

# Furniture Land

Furnishing Your Home For Less

# VISAKHI SALE

Store Hours
Mon-Sun 10am. to 6pm.

## 2 Locations

## SURREY

13581 77th Avenue,
Surrey, BC V3W 6Y2
PH:(604) 591-9595
info@furnitureland.ca

## RICHMOND

12180 Bridgeport Road,
Richmond, BC V6V 1J3
PH: (604) 278-9595
richmond@furnitureland.ca















# LIQUOR discounter

## Friday May 5th 2023 until Sunday June 4th 2023

- $94.99 GREY GOOSE 1.75L
- $75.99 JAMESON 1.75L
- $64.99 GLENLIVET FOUNDERS RESERVE 750ML
- $58.99 JOHNNIE WALKER BLACK LABEL 750ML
- KHALUA $56.99 1.75L / $24.99 750ML
- CROWN ROYAL $52.99 1.75L / $25.99 750ML
- $52.99 ABSOLUT VODKA 1.75L
- $51.99 SMIRNOFF VODKA 1.75L
- $51.99 DEWARS 1.75L
- JAMESON $51.99 1.14L / $34.99 750ML
- $45.99 CIROC BLUE RED BERRY 750ML
- $38.99 BALLANTINES 1.14L
- $38.99 CAPTAIN MORGAN SPICED 1.14L
- ABSOLUT VODKA $37.99 1.14L / $23.99 750ML
- $35.99 WISERS 1.14L
- $33.99 JAGERMEISTER 750ML
- $33.99 EL JIMADOR BLANCO 750ML
- $33.99 JOSE CUERVO GOLD 750ML
- $30.99 FIREBALL 1.14L
- $28.99 BAILEYS ORIGINAL 750ML
- $26.99 TANQUERAY GIN 750ML
- $25.99 STOLICHNAYA VODKA 750ML
- $25.99 DEWARS 750ML
- BACARDI WHITE $49.99 1.75L / $21.99 750ML

## BELOW Government Store Prices!

- $38.99 COPPER MOON CAB SAUV SHIRAZ 4L
- $37.99 BODACIOUS SMOOTH RED SMOOTH WHITE 4L
- $15.99 JACKSON TRIGGS CAB SAUV PINOT GRIGIO 1.5L
- $13.99 GATO CAB SAUV SAUV BLANC 1.5L
- $13.49 YELLOW TAIL BUBBLES 750ML
- $12.49 WOODBRIDGE CAB SAUV CHARDONNAY 750ML
- $11.79 YELLOW TAIL SHIRAZ 750ML
- $10.99 BAREFOOT PINK PINOT GRIGIO MOSCATO 750ML
- $10.99 JACOBS CREEK MOSCATO 750ML
- $10.49 BASK PINOT NOIR SAUV BLANC ROSE 750ML
- $14.99 PELLER ESTATES CAB SAUV 1.5L
- $7.79 BLACK CELLAR MALBEC MERLOT SHIRAZ CAB 750ML

## SHOP & SAVE! Rewards Program

See in-store for details

- $9.49 BODACIOUS SMOOTH RED SMOOTH WHITE 750ML
- $18.99 JOSH CAB SAUV 750ML
- $55.99 BUDWEISER 36 CANS
- $48.99 STELLA ARTOIS 24 BOTTLES
- $41.99 MICHELOB ULTRA 24 CANS
- $35.99 PABST 24 CANS
- $29.49 PACIFIC PILSNER 24 CANS
- $25.99 HEINEKEN 12 BOTTLES OR 12 CANS
- $25.99 CORONA 12 BOTTLES OR 12 CANS
- $23.49 GUINESS 8 CANS
- $22.99 OLD MILWAUKEE 15 CANS
- $22.49 SLEEMANS HONEY BROWN 12 BOTTLES
- $20.99 STANLEY PARK CONCESSION STAND 12 CANS
- $26.49 NUDE LEMONADE MIXER 12 CANS
- $25.99 WHITE CLAW VARIETY PACK 12 CANS
- $26.49 DILLONS GIN 12 CANS
- $25.99 WHITE CLAW ICED TEA 12 CANS
- $25.99 NUTRL 12 CANS
- $22.99 HEY Y'ALL LEMONADE 12 CANS
- $21.99 HEY Y'ALL ORIGINAL 12 CANS

## PRICE BEAT GUARANTEE!

- $21.99 STRONGBOW 8 CANS
- $9.99 GROWERS APPLE PEACH 2L

**8473 - 120 Street, Delta 604.592.2599**  **14357 - 104 Ave, Surrey 778.293.1964**

**LiquorDiscounter.ca** follow us on facebook

Prices exclude tax and deposits and are subject to change without notice.

# .Ck Auto.

SALE
BUY 4 TIRES & GET
ALLIGNMENT AT 1/2 PRICE
FLAT TYRE REPAIR FREE

NEW




40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

## CK AUTO SERVICES LTD.

Clearance Sale
*Limited Quantity

On All Seasons & Winter Tires
(Auplus & Comforser)




215/70R16
COMFORSER
Reg: ~~$155.00~~
Now : $70.00



235/65R17
COMFORSER
Reg: ~~$220.00~~
Now : $95.00



245/65R17
COMFORSER
Reg: ~~$240.00~~
Now : $100.00




215/70R15
GOOD YEAR INTEGRITY
Reg: ~~$120.00~~
Now : $90.00



SALE

Comforser
Size: 205/60/16
Reg Price: ~~$110~~
Sale Price : $55



Auplus
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

Cell: 778-322-1610, Tel: 604-592-2667 #106-13112-84th Ave.,Surrey



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI
CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਵਿਰੋਧੀ ਧਿਰਾਂ ਮਜ਼ਬੂਤ ਖੇਤਰੀ ਪਾਰਟੀਆਂ ਦੀ ਹਮਾਇਤ ਕਰਨ:ਫਾਰੂਕ

ਸ੍ਰੀਨਗਰ:-ਨੈਸ਼ਨਲ ਕਾਂਗਰਸ ਦੇ ਸੁਪਰੀਮੋ ਅਤੇ ਸਾਬਕਾ ਕੇਂਦਰੀ ਮੰਤਰੀ ਫਾਰੂਕ ਅਬਦੁੱਲਾ ਨੇ ਮੁੱਖ ਵਿਰੋਧੀ ਧਿਰਾਂ ਨੂੰ ਮਜ਼ਬੂਤ ਖੇਤਰੀ ਪਾਰਟੀਆਂ ਦਾ ਸਮਰਥਨ ਕਰਨ ਦਾ ਸੱਦਾ ਦਿੰਦਿਆਂ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਟੱਕਰ ਦੇਣ ਲਈ 'ਇੱਕ ਦੇ ਮੁਕਾਬਲੇ ਇੱਕ' ਦੀ ਰਣਨੀਤੀ ਉਲੀਕਣ 'ਤੇ ਜ਼ੋਰ ਦਿੱਤਾ।ਅਬਦੁੱਲਾ ਨੇ ਕਿਹਾ, ''ਮੈਨੂੰ ਵਿਰੋਧੀ ਧਿਰਾਂ ਦੀ ਏਕਤਾ ਬਾਰੇ ਪੂਰਾ ਯਕੀਨ ਨਹੀਂ ਹੈ ਪਰ ਜਿੱਥੋਂ ਤੱਕ ਲੋਕ ਸਭਾ ਚੋਣਾਂ ਦਾ ਸਬੰਧ ਹੈ, ਮੇਰੇ ਖਿਆਲ ਅਨੁਸਾਰ ਹੁਣ ਰਾਜ ਮਾਇਨੇ ਰੱਖਦੇ ਹਨ ਅਤੇ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ।'ਫਾਰੂਕ ਅਬਦੁੱਲਾ ਨੇ ਇੱਕ ਉਦਾਹਰਨ ਦਿੰਦਿਆਂ ਕਿਹਾ ਕਿ ਜੇਕਰ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਦੀ ਸਰਕਾਰ ਮਜ਼ਬੂਤ ਹੈ ਤਾਂ 'ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਟੀਮੀਐੱਸ ਨੇਤਾਵਾਂ ਲਈ ਮੁਸ਼ਕਲਾਂ ਖੜ੍ਹੀਆਂ ਕਰਨ ਦੀ ਬਜਾਏ ਚੰਗਾ ਪ੍ਰਦਰਸ਼ਨ ਕਰੇ। ਇਸੇ ਤਰ੍ਹਾਂ, ਬਿਹਾਰ ਵਿੱਚ ਨਿਤੀਸ਼ (ਕੁਮਾਰ ਦੀ ਜੇਡੀਯੂ) ਅਤੇ ਆਰਜੇਡੀ, ਜੇ ਉਹ ਚੰਗਾ ਪ੍ਰਦਰਸ਼ਨ ਕਰ ਰਹੇ ਹਨ, ਤਾਂ ਉਨ੍ਹਾਂ ਲਈ ਰੁਕਾਵਟਾਂ ਨਾ ਪੈਦਾ ਕਰੋ। ਇਵੇਂ ਹੀ ਉੱਤਰ ਪ੍ਰਦੇਸ਼ ਵਿੱਚ ਅਖਿਲੇਸ਼ (ਸਪਾ ਦਾ ਯਾਦਵ) ਚੰਗਾ ਕੰਮ ਕਰ ਰਿਹਾ ਹੈ ਤਾਂ ਆਓ ਅਜਿਹੀ ਸਥਿਤੀ ਨਾ ਪੈਦਾ ਕਰੀਏ।'









## ਮਾਂ ਦਿਵਸ ਤੇ ਵਿਸ਼ੇਸ਼

# ਮਾਵਾਂ ਦੀਆਂ ਦੁਆਵਾਂ

ਜਦੋਂ ਬੱਚਾ ਇਸ ਦੁਨੀਆਂ ਵਿੱਚ ਜਨਮ ਲੈਂਦਾ ਹੈ ਤਾਂ ਉਸ ਨੂੰ ਸਿਵਾਏ ਰੋਣ ਦੇ ਹੋਰ ਕੱਝ ਨਹੀਂ ਆਉਂਦਾ ਹੁੰਦਾ, ਪਰ ਉਦੋਂ ਵੀ ਉਸ ਨੂੰ ਮਾਂ ਦੀ ਮਿੱਠੀ ਪਿਆਰੀ ਤੇ ਨਿੱਘੀ ਗੋਦੀ ਦਾ ਅਹਿਸਾਸ ਜਰੂਰ ਹੁੰਦਾ ਹੈ। ਉਹ ਕਿੰਨਾ ਵੀ ਰੋਂਦਾ ਕਿਉਂ ਨਾ ਹੋਵੇ- ਪਰ ਜੇਕਰ ਮਾਂ ਉਸ ਨੂੰ ਮਮਤਾ ਨਾਲ ਘੁੱਟ ਕੇ ਹਿੱਕ ਨਾਲ ਲਾ ਲਵੇ ਤਾਂ ਝੱਟ ਚੁੱਪ ਕਰ ਜਾਂਦਾ ਹੈ। ਮਾਂ ਆਪਣੇ ਬੱਚੇ ਲਈ ਹਰ ਦੁੱਖ ਸੁੱਖ ਆਪਣੇ ਤਨ ਤੇ ਜਰਦੀ ਹੈ, ਪਰ ਆਪਣੇ ਬੱਚਿਆਂ ਨੂੰ ਤੱਤੀ ਵਾ ਨਹੀਂ ਲਗਣ ਦਿੰਦੀ। ਮਾਂ ਮਮਤਾ ਦੀ ਮੂਰਤ, ਪਿਆਰ ਦਾ ਸਾਗਰ, ਦਇਆ ਤੇ ਤਿਆਗ ਦੀ ਦੇਵੀ ਹੈ। ਪ੍ਰੋਫੈਸਰ ਮੋਹਨ ਸਿੰਘ ਨੇ ਤਾਂ 'ਮਾਂ' ਨੂੰ ਸਵਰਗ ਤੋਂ ਵੀ ਉੱਚਾ ਦਰਜਾ ਦਿੰਦੇ ਹੋਏ ਕਿਹਾ ਹੈ-


**ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਏ।**
**ਜਿਸ ਤੋਂ ਲੈ ਕੇ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।**
**ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਮੁਰਝਾਂਦੇ,**
**ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁੱਕ ਜਾਏ।**

ਮਾਂ ਦਾ ਪਿਆਰ ਸਾਨੂੰ, ਸਰਦੀ 'ਚ ਨਿੱਘ, ਗਰਮੀ 'ਚ ਠੰਢਕ ਤੇ ਦੁੱਖ ਮੁਸੀਬਤ ਵਿੱਚ ਧਰਵਾਸ ਦਿੰਦਾ ਹੈ। ਜਦੋਂ ਕਦੇ ਅਚਾਨਕ ਸਾਨੂੰ ਕੋਈ ਸੱਟ ਫੇਟ ਲੱਗ ਜਾਵੇ ਤਾਂ ਸਾਡੇ ਮੂੰਹੋਂ ਆਪ ਮੁਹਾਰੇ ਹੀ 'ਹਾਏ ਮਾਂ' ਨਿਕਲਦਾ ਹੈ। ਗੱਲ ਕੀ ਹਰ ਦੁੱਖ ਸੁੱਖ ਵਿੱਚ ਸਭ ਤੋਂ ਪਹਿਲਾਂ ਮਾਂ ਹੀ ਯਾਦ ਆਉਂਦੀ ਹੈ। ਮਾਂ ਸਾਰੇ ਦੁੱਖ ਆਪਣੇ ਸਿਰ ਲੈ ਕੇ, ਸਾਰੇ ਸੁੱਖ ਬੱਚਿਆਂ ਤੋਂ ਨਿਸ਼ਾਵਰ ਕਰ ਦਿੰਦੀ ਹੈ। ਮਾਂ ਦੇ ਪਿਆਰ ਦਾ ਬਦਲ ਵੀ ਇਸ ਦੁਨੀਆਂ ਵਿੱਚ ਕੋਈ ਨਹੀਂ। ਕਹਿੰਦੇ ਹਨ ਕਿ- 'ਰੱਬ ਹਰ ਥਾਂ ਨਹੀਂ ਪਹੁੰਚ ਸਕਦਾ, ਇਸੇ ਲਈ ਉਸ ਨੇ ਮਾਂ ਦੀ ਸਿਰਜਣਾ ਕੀਤੀ! ਮਾਂ ਦੇ ਪਿਆਰ ਨੂੰ ਸਮਾਂ ਤੇ ਦੂਰੀ ਘੱਟ ਨਹੀਂ ਕਰ ਸਕਦੇ ਅਤੇ ਨਾ ਹੀ ਅਯੋਗਤਾ ਜਾਂ ਨਾਸ਼ੁਕਰਾਪਨ ਕਮਜ਼ੋਰ ਕਰ ਸਕਦੇ ਹਨ। ਮਾਂ ਦੀ ਕੁਰਬਾਨੀ ਦਾ ਮੁੱਲ ਕਿਸੇ ਵੀ ਕੀਮਤ ਤੇ ਤਾਰਿਆ ਨਹੀਂ ਜਾ ਸਕਦਾ, ਪਰ ਪਿਆਰ ਸਤਿਕਾਰ ਤਾਂ ਦਿੱਤਾ ਹੀ ਜਾ ਸਕਦਾ ਹੈ। ਦੁੱਖ ਦੀ ਗੱਲ ਇਹ ਹੈ ਕਿ ਅਜੋਕੇ ਯੁੱਗ ਵਿੱਚ ਬੱਚੇ ਇਸ ਤੋਂ ਵੀ ਮੁਨਕਰ ਹੁੰਦੇ ਜਾ ਰਹੇ ਹਨ। ਆਮ ਤੌਰ ਤੇ ਨਾਰੀ ਦੇ ਚਾਰ ਰੂਪ ਮੰਨੇ ਜਾਂਦੇ ਹਨ- ਮਾਂ, ਭੈਣ, ਪਤਨੀ ਤੇ ਬੇਟੀ। ਇਹਨਾਂ ਵਿਚੋਂ ਮਾਂ ਦੇ ਰੂਪ ਨੂੰ ਸਰਵ-ਉਚ ਸਥਾਨ ਪ੍ਰਾਪਤ ਹੈ। ਇਥੇ ਇੱਕ ਸੱਚੀ ਘਟਨਾ ਦਾ ਜ਼ਿਕਰ ਕਰਨਾ ਚਾਹੁੰਦੀ ਹਾਂ। ਅੱਤਵਾਦ ਦਾ ਦੌਰ ਸੀ। ਇੱਕ ਪਿੰਡ ਵਿੱਚ ਅੱਧੀ ਰਾਤ ਵੇਲੇ ਇੱਕ ਜ਼ਿਮੀਦਾਰ ਦੇ ਘਰ ਖਾੜਕੂ ਸਿੰਘ ਆ ਗਏ ਤੇ ਰੋਟੀ ਦੀ ਮੰਗ ਕੀਤੀ। ਹਥਿਆਰ ਦੇਖ ਪਰਿਵਾਰ ਵਾਲੇ ਸਹਿਮ ਗਏ। ਘਰ ਵਿੱਚ ਘਰ ਦਾ ਮਾਲਕ, ਉਸ ਦੀ ਬੀਵੀ ਤੇ ਜਵਾਨ ਕੁੜੀ ਮੁੰਡਾ ਸਨ। ਘਰ ਦੇ ਪਿਛਵਾੜੇ ਮਾਂ-ਬਾਪ ਅਲੱਗ ਰਹਿੰਦੇ ਸਨ। ਪੁੱਤਰ ਦੀ ਆਪਣੇ ਮਾਂ-ਬਾਪ ਨਾਲ ਬੋਲ ਚਾਲ ਨਹੀਂ ਸੀ। ਖਾੜਕੂਆਂ ਨੇ ਕਿਸੇ ਗੱਲ ਤੋਂ ਖਿਝ ਕੇ, ਮਾਲਕ ਤੇ ਏ.ਕੇ. ਸੰਤਾਲੀ ਤਾਣ ਲਈ। ਸਾਰੇ ਘਬਰਾ ਗਏ ਕਿਸੇ ਨੂੰ ਕੁੱਝ ਸੁੱਝੇ ਨਾ। ਰੌਲ਼ਾ ਸੁਣ ਮਾਂ-ਬਾਪ ਭੱਜੇ ਆਏ। ਮਾਂ ਨੇ ਜਦ ਆਪਣੇ ਪੁੱਤਰ ਦੀ ਹਿੱਕ ਤੇ ਬੰਦੂਕ ਤਣੀ ਵੇਖੀ ਤਾਂ ਦੌੜ ਕੇ ਪੁੱਤਰ ਦੇ ਅੱਗੇ ਖੜ੍ਹ ਗਈ, ਤੇ ਕਹਿਣ ਲੱਗੀ-'ਇਸ ਤੋਂ ਪਹਿਲਾਂ ਮੇਰੇ ਗੋਲੀ ਮਾਰ ਦਿਓ!' ਪਤਾ ਨਹੀਂ ਉਹਨਾਂ ਨੂੰ ਆਪਣੀ ਮਾਂ ਯਾਦ ਆ ਗਈ ਕਿ ਰਹਿਮ ਆ ਗਿਆ- ਤੇ ਉਹ ਵਾਪਿਸ ਚਲੇ ਗਏ। ਇਹ ਘਟਨਾ ਸੁਣ ਕੇ ਮੈਂ ਕਈ ਦਿਨ ਸੋਚਦੀ ਰਹੀ ਕਿ-'ਇਹ ਮਾਂ ਦਾ ਹੀ ਜਿਗਰਾ ਸੀ- ਜਦ ਕਿ ਉਸ ਦੀ ਬੇਟੀ, ਬੇਟਾ ਤੇ ਬੀਵੀ ਵੀ ਤਾਂ ਘਰ ਵਿੱਚ ਹੀ ਸੀ!'

ਮਾਂ ਦਾ ਰੋਲ ਕੇਵਲ ਬੱਚੇ ਨੂੰ ਆਪਣੀ ਕੁੱਖ ਤੋਂ ਜਨਮ ਦੇ ਕੇ ਹੀ ਖਤਮ ਨਹੀਂ ਹੋ ਜਾਂਦਾ, ਸਗੋਂ ਪਿਆਰ ਦੁਲਾਰ ਦੇ ਨਾਲ ਉਸ ਦਾ ਪਾਲਣ-ਪੋਸ਼ਣ ਕਰਨਾ ਤੇ ਜ਼ਿੰਦਗੀ ਵਿੱਚ ਸਹੀ ਰਾਹ ਦਿਖਾਉਣਾ ਵੀ ਉਸ ਦਾ ਫਰਜ਼ ਹੁੰਦਾ ਹੈ। ਪਰ ਦੇਖਣ ਵਿੱਚ ਆਇਆ ਹੈ ਕਿ ਕਈ ਪਰਿਵਾਰਾਂ ਵਿੱਚ ਇਹ ਰੋਲ ਦਾਦੀਆਂ ਨਾਨੀਆਂ ਵੀ ਨਿਭਾਅ ਰਹੀਆਂ ਹਨ। ਮਾਂ ਇੱਕ ਕਲਾਕਾਰ ਹੁੰਦੀ ਹੈ- ਜੋ ਆਪਣੇ ਬੱਚੇ ਦੀ ਸ਼ਖ਼ਸੀਅਤ ਨੂੰ ਘੜਨ ਲਈ ਆਪਣੀ ਪੂਰੀ ਵਾਹ ਲਾਉਂਦੀ ਹੈ। ਭਗਤ ਪੂਰਨ ਸਿੰਘ ਦੀ ਮਾਂ ਮਹਿਤਾਬ ਕੌਰ ਨੇ ਆਪਣੇ ਬੱਚੇ ਦੀ ਸ਼ਖ਼ਸੀਅਤ ਨੂੰ ਏਨਾ ਸੁਹਣਾ ਘੜਿਆ ਕਿ ਉਹ ਹਜ਼ਾਰਾਂ ਲੂਲੇ, ਲੰਗੜੇ, ਪਿੰਗਲਿਆਂ ਦੀ ਮਾਂ ਬਣ ਗਿਆ, ਜਿਸ ਦੀ ਮਿਸਾਲ ਦੁਨੀਆਂ ਵਿੱਚ ਕਿਤੇ ਨਹੀਂ ਮਿਲਦੀ। ਮਸ਼ਹੂਰ ਸਮਰਾਟ ਨੈਪੋਲੀਅਨ ਬੋਨਾਪਾਰਟ ਨੇ ਵੀ ਕਿਹਾ ਸੀ ਕਿ- 'ਤੁਸੀਂ ਮੈਨੂੰ ਚੰਗੀਆਂ ਮਾਵਾਂ ਦਿਓ, ਮੈਂ ਤੁਹਾਨੂੰ ਚੰਗੀ ਕੌਮ ਦੇਵਾਂਗਾ'। ਮਾਂ ਨੂੰ ਪੁੱਤ ਦੀ ਸ਼ੋਹਰਤ ਜਾਂ ਕਮਾਈ ਨਾਲੋਂ, ਉਸ ਦੀ ਸਿਹਤ ਦਾ ਵੱਧ ਫਿਕਰ ਰਹਿੰਦਾ ਹੈ। ਜਦੋਂ ਨੈਪੋਲੀਅਨ ਵੀ ਅਨੇਕਾਂ ਜਿੱਤਾਂ ਜਿੱਤਣ ਤੋਂ ਬਾਅਦ ਆਪਣੀ ਮਾਂ ਨੂੰ ਮਿਲਿਆ ਤਾਂ ਮਾਂ ਨੇ ਉਸ ਦੇ ਸਰੀਰ ਨੂੰ ਟੋਹ ਕੇ ਕਿਹਾ ਸੀ-'ਪੁੱਤ ਤੂੰ ਲਿੱਸਾ ਹੋ ਗਿਆ!'ਮਾਂ ਤੋਂ ਬਿਨਾਂ ਇਸ ਸ੍ਰਿਸ਼ਟੀ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਪਤਾ ਨਹੀਂ ਭਰੂਣ ਹੱਤਿਆ ਕਰਨ ਵਾਲੇ ਇਸ ਸਚਾਈ ਨੂੰ ਕਿਉਂ ਨਹੀਂ ਸਮਝਦੇ? ਮਹਾਰਾਜਾ ਰਣਜੀਤ ਸਿੰਘ ਦੀ ਮਾਂ ਨੂੰ ਵੀ, ਜੇ ਕਿਸੇ ਮਹਾਤਮਾ ਦੇ ਕਹਿਣ ਤੇ ਉਸ ਦੇ ਪਰਿਵਾਰ ਵਾਲੇ, ਜੰਮਦੀ ਨੂੰ ਚਾਟੀ 'ਚ ਪਾ ਕੇ ਦਬਾਇਆ ਹੋਇਆ ਤੁਰੰਤ ਨਾ ਕੱਢਦੇ- ਤਾਂ ਉਹ ਵੱਡੀ ਹੋ ਕੇ, ਮਾਂ ਬਣ ਸ਼ੇਰੇ ਪੰਜਾਬ ਨੂੰ ਕਿਵੇਂ ਜਨਮ ਦਿੰਦੀ? ਇਸੇ ਕਾਰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਇਸ ਜਗਤ- ਜਨਣੀ ਦੇ ਹੱਕ ਵਿੱਚ ਆਵਾਜ਼ ਉਠਾਉਂਦਿਆਂ ਕਿਹਾ ਸੀ- 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਅੰਗ 473)॥

ਅਜੋਕੇ ਸਮੇਂ ਦਾ ਦੁਖਾਂਤ ਹੈ ਕਿ- ਅੱਜ ਸਾਡੀਆਂ ਮਾਵਾਂ ਬ੍ਰਿਧ ਆਸ਼ਰਮਾਂ ਵਿੱਚ ਰੁਲ਼ ਰਹੀਆਂ ਹਨ। ਇੱਕ ਵਾਰੀ 'ਮਦਰਜ਼ ਡੇ' ਤੇ ਖਬਰ ਆਈ ਸੀ, ਕਿ ਬ੍ਰਿਧ ਆਸ਼ਰਮ ਦੀਆਂ ਬਜ਼ੁਰਗ ਔਰਤਾਂ ਨੂੰ ਜਦ ਦੱਸਿਆ ਗਿਆ ਕਿ ਅੱਜ 'ਮਾਂ ਦਿਵਸ' ਹੈ ਤਾਂ ਉਹ ਸਾਰਾ ਦਿਨ ਗੇਟ ਦੇ ਨੇੜੇ ਬੈਠੀਆਂ ਰਹੀਆਂ, ਕਿ ਸ਼ਾਇਦ ਉਹਨਾ ਦਾ ਕੋਈ ਆਪਣਾ ਮਿਲਣ ਆ ਜਾਵੇ। ਕਿੰਨੇ ਨਾ ਸ਼ੁਕਰੇ ਹਾਂ ਅਸੀਂ.. ਸੋਚਿਆ ਕਦੇ? ਇੱਕ ਵਾਰੀ ਆਪਣੇ ਸ਼ਹਿਰ ਦੇ ਬ੍ਰਿਧ ਆਸ਼ਰਮ ਵਿੱਚ ਜਾਣ ਦਾ ਸਬੱਬ ਬਣਿਆਂ। ਮੈਂ ਤੇ ਮੇਰਾ ਬੇਟਾ, ਬਜ਼ੁਰਗਾਂ ਲਈ ਕਾਫੀ ਸਾਰਾ ਫਰੂਟ ਲੈ ਗਏ। 25- 30 ਕਮਰੇ ਸਨ ਦੋ ਮੰਜਲੀ ਇਮਾਰਤ ਦੇ ਅਤੇ ਹਰ ਕਮਰੇ ਵਿੱਚ ਦੋ ਦੋ ਬਜ਼ੁਰਗ ਸਨ। ਹਰ ਕਮਰੇ ਦੇ ਬਜ਼ੁਰਗ ਸਾਨੂੰ ਇੰਨੀ ਅਪਣੱਤ ਨਾਲ ਮਿਲੇ- ਜਿਵੇਂ ਉਹ ਸਾਡੇ ਵਿਚੋਂ ਕਿਸੇ ਆਪਣੇ ਨੂੰ ਤਲਾਸ਼ ਰਹੇ ਹੋਣ।ਮੇਰੀਆਂ ਅੱਖਾਂ ਵਾਰ ਵਾਰ ਸੇਜਲ ਹੋ ਜਾਂਦੀਆਂ। ਬੇਟੇ ਨੇ ਹਰ ਇੱਕ ਬਜ਼ੁਰਗ ਦੇ ਪੈਰੀਂ ਹੱਥ ਲਾਇਆ, ਤੇ ਫਿਰ ਫਰੂਟ ਦਿੱਤਾ। ਢੇਰ ਸਾਰੀਆਂ ਦੁਆਵਾਂ ਨਾਲ ਮਾਲੋ ਮਾਲ ਹੋ ਕੇ, ਜਦੋਂ ਅਸੀਂ ਘਰ ਪਰਤੇ ਤਾਂ ਮੈਂ ਬੇਟੇ ਨੂੰ ਕਿਹਾ ਕਿ- 'ਅੱਜ ਤੂੰ ਬਹੁਤ ਅਮੀਰ ਹੋ ਗਿਆ ਹੈਂ..ਤੇਰੀ ਝੋਲੀ ਦੁਆਵਾਂ ਨਾਲ ਨੱਕੋ ਨੱਕ ਭਰ ਗਈ ਹੈ!' ਅੱਜ ਜਦੋਂ ਉਹ ਆਪਣੀ ਜ਼ਿੰਦਗੀ ਵਿੱਚ ਕੋਈ ਪ੍ਰਾਪਤੀ ਕਰਦਾ ਹੈ, ਤਾਂ ਮੈਨੂੰ ਜਾਪਦਾ ਕਿ- ਇਹ ਉਸ ਦੇ ਦਾਦਾ ਦਾਦੀ, ਨਾਨਾ ਨਾਨੀ, ਤੇ ਉਹਨਾਂ ਬ੍ਰਿਧ ਆਸ਼ਰਮ ਦੇ ਬਜ਼ੁਰਗਾਂ ਦੀਆਂ ਦੁਆਵਾਂ ਦਾ ਹੀ ਫ਼ਲ ਹੈ!ਵਿਦੇਸ਼ਾਂ ਵਿੱਚ ਵੀ ਇਹੀ ਹਾਲ ਹੈ। ਕੋਈ ਕਰਮਾਂ ਵਾਲਾ ਪਰਿਵਾਰ ਹੋਏਗਾ, ਜਿੱਥੇ ਮਾਂ ਜਾਂ ਬਾਪ ਬੱਚਿਆਂ ਦੇ ਨਾਲ ਰਹਿੰਦੇ ਹਨ। ਬਹੁਤੇ ਪਰਿਵਾਰਾਂ ਵਿੱਚ ਲੜਕੀਆਂ ਨੇ ਹੀ ਮਾਂ- ਬਾਪ ਮੰਗਵਾਏ ਹਨ ਤੇ ਉਹਨਾਂ ਕੋਲ ਹੀ ਰਹਿੰਦੇ ਹਨ, ਭਾਵੇਂ ਉਸੇ ਸ਼ਹਿਰ ਵਿੱਚ ਉਹਨਾਂ ਦੇ ਲੜਕੇ ਦਾ ਪਰਿਵਾਰ ਵੀ ਰਹਿੰਦਾ ਹੋਵੇ। ਜਿੰਨਾ ਚਿਰ ਛੋਟੇ ਬੱਚਿਆਂ ਨੂੰ ਸੰਭਾਲਣਾ ਹੁੰਦਾ ਹੈ, ਉਂਨਾ ਚਿਰ ਦਾਦੀ ਦਾਦੇ ਦੀ ਕਦਰ ਹੁੰਦੀ ਹੈ.. ਪਰ ਜਿਉਂ ਹੀ ਬੱਚੇ ਟੀਨ-ਏਜਰ ਹੁੰਦੇ ਹਨ ਤਾਂ ਉਹ ਬਜ਼ੁਰਗ ਵਾਧੂ ਲੱਗਣ ਲੱਗ ਜਾਂਦੇ ਹਨ। ਫਿਰ ਉਹਨਾਂ ਨੂੰ ਕਿਸੇ ਬੇਸਮੈਂਟ ਜਾਂ ਓਲਡ-ਏਜ ਹੋਮ ਵਿੱਚ ਜਾਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ- ਜਿੱਥੇ ਕਦੇ ਕਦਾਈਂ ਮਾਂ-ਦਿਵਸ ਤੇ ਗੁਲਦਸਤਾ ਦੇ ਕੇ ਵਰਾਇਆ ਜਾਂਦਾ ਹੈ। ਜ਼ਰਾ ਸੋਚੋ- ਕੀ ਮਾਵਾਂ ਦੀ ਕੁਰਬਾਨੀ ਦਾ ਇਹੀ ਮੁੱਲ ਰਹਿ ਗਿਆ? ਮੇਰੇ ਇੱਕ ਬਜ਼ੁਰਗ ਪਾਠਕ ਮੈਨੂੰ ਆਪਣੀ ਇਸ ਤਰ੍ਹਾਂ ਦੀ ਆਪ ਬੀਤੀ ਸੁਣਾ, ਰੋ ਪਏ।ਮਾਂ ਦੇ ਪਿਆਰ ਦੀ ਅਸਲ ਕੀਮਤ ਕਿਸੇ ਯਤੀਮ ਬੱਚੇ ਨੂੰ ਪੁੱਛ ਕੇ ਦੇਖੋ- ਜਿਹੜਾ ਵਿਚਾਰਾ 'ਮਾਂ' ਲਫ਼ਜ਼ ਕਹਿਣ ਲਈ ਤਰਸਿਆ ਹੁੰਦਾ ਹੈ। ਉਹ ਲੋਕ ਨਸੀਬਾਂ ਵਾਲੇ ਹਨ ਜੋ ਅਜੇ ਤੱਕ ਮਾਂ ਦੇ ਪਿਆਰ ਦਾ ਨਿੱਘ ਮਾਣ ਰਹੇ ਹਨ। 'ਮਾਂ ਦਾ ਦਿੱਲ' ਕਵਿਤਾ ਸ਼ਾਇਦ ਤੁਸੀਂ ਵੀ ਪੜ੍ਹੀ ਹੋਏਗੀ- ਜਿਸ ਵਿੱਚ ਇੱਕ ਕਲਯੁਗੀ ਪੁਤਰ, ਆਪਣੀ ਮਹਿਬੂਬਾ ਦੇ ਕਹਿਣ ਤੇ ਮਾਂ ਦਾ ਕਲੇਜਾ ਕੱਢ ਕੇ ਲਿਜਾ ਰਿਹਾ ਹੁੰਦਾ ਹੈ ਤਾਂ ਰਸਤੇ ਵਿੱਚ ਠੇਡਾ ਖਾ ਕੇ ਡਿਗ ਪੈਂਦਾ ਹੈ..ਉਸ ਵੇਲੇ ਵੀ ਮਾਂ ਦੇ ਦਿੱਲ ਵਿਚੋਂ ਆਵਾਜ਼ ਨਿਕਲਦੀ ਹੈ- 'ਪੁੱਤਰਾ ਕਿਧਰੇ ਸੱਟ ਤਾਂ ਨਹੀਂ ਲੱਗੀ?' ਪੁੱਤ ਕਿੰਨਾ ਵੀ ਨਿਕੰਮਾ ਹੋਵੇ, ਲੇਕਿਨ ਮਾਂ ਦੇ ਮੂੰਹੋਂ ਕਦੇ ਉਸ ਲਈ ਕੋਈ ਬਦਅਸੀਸ ਨਹੀਂ ਨਿਕਲਦੀ। ਸਾਥੀਓ- ਦੁਨੀਆਂ ਦੀ ਹਰ ਸ਼ੈਅ ਪੈਸੇ ਨਾਲ ਖਰੀਦੀ ਜਾ ਸਕਦੀ ਹੈ ਲੇਕਿਨ 'ਮਾਂਵਾਂ ਦੀਆਂ ਦੁਆਵਾਂ' ਕਿਧਰੇ ਮੁੱਲ ਨਹੀਂ ਮਿਲਦੀਆਂ। ਇਹਨਾਂ ਦੁਆਵਾਂ ਜਾਂ ਅਸੀਸਾਂ ਵਿੱਚ ਬੜੀ ਵੱਡੀ ਤਾਕਤ ਹੁੰਦੀ ਹੈ। ਇਸੇ ਲਈ ਤਾਂ ਕਿਹਾ ਜਾਂਦਾ ਹੈ- 'ਲੈ ਅਸੀਸਾਂ ਮਾਂ ਦੇ ਪਾਸੋਂ, ਭਰ ਲੈ ਆਪਣੀ ਸੱਖਣੀ ਝੋਲ!'ਕੋਈ ਸਮਾਂ ਸੀ, ਪਰਿਵਾਰ ਦਾ ਕੋਈ ਵੀ ਜੀਅ ਕਿਸੇ ਕੰਮ ਲਈ ਘਰੋਂ ਬਾਹਰ ਜਾਂਦਾ ਤਾਂ ਬਜ਼ੁਰਗ ਮਾਂ ਜਾਂ ਬਾਪ ਦੇ ਚਰਨ ਛੂਹ ਕੇ, ਆਸ਼ੀਰਵਾਦ ਲੈ ਕੇ ਜਾਂਦਾ। ਸ਼ਾਇਦ ਮਾਪਿਆਂ ਦੀਆਂ ਅਸੀਸਾਂ ਕਾਰਨ ਹੀ, ਉਸ ਦਾ ਕਾਰਜ ਵੀ ਸਹਿਜੇ ਹੀ ਨੇਪਰੇ ਚੜ੍ਹ ਜਾਂਦਾ। ਅਸੀਂ ਵੀ ਜਦ ਛੋਟੇ ਹੁੰਦੇ ਪੇਪਰ ਦੇਣ ਜਾਂਦੇ ਤਾਂ- ਸਾਡੇ ਬੀਜ਼ੀ (ਮਾਂ) ਸਾਡੇ ਮੂੰਹ ਵਿੱਚ ਦੋ ਚਮਚੇ ਦਹੀਂ ਦੇ ਜਰੂਰ ਪਾਉਂਦੇ ਤੇ ਨਾਲ ਹੀ ਅਸੀਸਾਂ ਦੇਈ ਜਾਂਦੇ। ਮੈਨੂੰ ਕੁੱਝ ਸਿਆਣੀ ਹੋ ਕੇ ਇਹ ਸਮਝ ਆਈ ਕਿ ਦਹੀਂ ਖਿਲਾਉਣਾ ਤਾਂ ਇੱਕ ਬਹਾਨਾ ਸੀ ਉਹਨਾਂ ਦਾ.. ਸਾਨੂੰ ਜਾਣ ਤੋਂ ਪਹਿਲਾਂ ਅਸ਼ੀਰਵਾਦ ਦੇਣ ਦਾ। ਸੱਚ ਜਾਣਿਓਂ- ਬਜ਼ੁਰਗਾਂ ਦੀਆਂ ਇਹਨਾਂ ਅਸੀਸਾਂ ਵਿੱਚ ਇੱਕ ਕਰਾਮਾਤੀ ਸ਼ਕਤੀ ਸੀ, ਜੋ ਸਾਡੇ ਕੰਮ ਸੁਤੇ ਸਿੱਧ ਹੀ ਹੋ ਜਾਇਆ ਕਰਦੇ ਸਨ, ਕੋਈ ਅੜਚਣ ਨਹੀਂ ਸੀ ਪੈਂਦੀ। ਇਸ ਇੱਕੀਵੀ ਸਦੀ ਵਿੱਚ, ਮਨੋਵਿਗਿਆਨੀ ਜਾਂ ਮੈਡੀਟੇਸ਼ਨ ਵਾਲੇ ਇਸੇ ਨੂੰ 'ਪੌਜਿਟਿਵ ਵਾਈਬਰੇਸ਼ਨਜ਼' ਦਾ ਨਾਮ ਦੇਣ ਲੱਗ ਪਏ ਹਨ।ਅਜੋਕੇ ਯੁੱਗ ਦੀ ਤੇਜ-ਰਫਤਾਰ ਜ਼ਿੰਦਗੀ ਵਿੱਚ, ਅਸੀਂ ਮਾਵਾਂ ਦੀਆਂ ਅਸੀਸਾਂ ਤੋਂ ਵਾਂਝੇ ਹੋ ਗਏ ਹਾਂ। ਬਹੁਤੇ ਪਰਿਵਾਰਾਂ ਵਿੱਚ ਤਾਂ ਬਜ਼ੁਰਗਾਂ ਨੂੰ ਨਾਲ ਹੀ ਨਹੀਂ ਰੱਖਿਆ ਜਾਂਦਾ। ਤੇ ਜਿੱਥੇ ਬਜ਼ੁਰਗ ਰਹਿੰਦੇ ਵੀ ਪਰਿਵਾਰ ਨਾਲ ਹਨ, ਉੱਥੇ ਵੀ ਕੰਮਾਂ ਤੇ ਜਾਣ ਦੀ ਕਾਹਲ ਵਿੱਚ ਬਜ਼ੁਰਗਾਂ ਨੂੰ ਮਿਲ ਕੇ ਜਾਣ ਦੀ ਲੋੜ ਹੀ ਨਹੀ ਸਮਝੀ ਜਾਂਦੀ। ਵੈਸੇ ਜੇ ਦੇਖਿਆ ਜਾਵੇ ਤਾਂ-'ਅੱਛਾ ਮਾਤਾ ਜੀ, ਮੈਂ ਚਲਦਾਂ..ਸ਼ਾਮ ਨੂੰ ਇੰਨੇ ਵਜੇ ਆਵਾਂਗਾ' ਕਹਿਣ ਲਈ ਸ਼ਾਇਦ ਦੋ ਸੈਕੰਡ ਦਾ ਸਮਾਂ ਮਸੀਂ ਲਗਦਾ ਹੋਣਾ- ਪਰ ਅਫਸੋਸ! ਕਿ ਅਸੀਂ ਇੰਨਾ ਸਮਾਂ ਵੀ ਬਜ਼ੁਰਗਾਂ ਦੀ ਖੁਸ਼ੀ ਲਈ ਨਹੀਂ ਕੱਢ ਸਕਦੇ। ਹੈਰਾਨੀ ਦੀ ਗੱਲ ਹੈ ਕਿ ਜਿਹਨਾਂ ਮਾਪਿਆਂ ਨੇ ਸਾਨੂੰ ਚਾਰ ਪੰਜ ਬੱਚਿਆਂ ਨੂੰ ਲੋੜਾਂ ਥੁੜ੍ਹਾਂ ਦੇ ਹੁੰਦਿਆਂ ਵੀ, ਵਧੀਆ ਤਰੀਕੇ ਨਾਲ ਪਾਲ਼ਿਆ ਹੁੰਦਾ ਹੈ- ਉਹ ਸਾਰੇ ਬੱਚੇ ਰਲ਼ ਕੇ ਵੀ ਆਪਣੇ ਬਜ਼ੁਰਗ ਮਾਂ ਜਾਂ ਬਾਪ ਨੂੰ ਨਹੀਂ ਰੱਖ ਸਕਦੇ!ਸਾਥੀਓ- ਮਾਂ ਦੇ ਪਿਆਰ ਦਾ ਕਰਜ਼ ਤਾਂ ਕਿਸੇ ਵੀ ਕੀਮਤ ਤੇ ਨਹੀਂ ਚੁਕਾਇਆ ਜਾ ਸਕਦਾ- ਪਰ ਜਿੰਨਾ ਚਿਰ ਮਾਂ ਦਾ ਸਾਇਆ ਸਿਰ ਤੇ ਮੌਜੂਦ ਹੈ- ਮਾਵਾਂ ਨੂੰ ਪਿਆਰ ਸਤਿਕਾਰ ਦੇ ਕੇ, ਅਸੀਂ ਉਸ ਬੇਸ਼ਕੀਮਤੀ ਦੌਲਤ ਨਾਲ ਮਾਲਾ ਮਾਲ ਹੋ ਸਕਦੇ ਹਾਂ- ਜੋ ਸਾਨੂੰ 'ਦੁਆਵਾਂ' ਦੇ ਰੂਪ ਵਿੱਚ ਮੁਫ਼ਤ 'ਚ ਹੀ ਮਿਲ ਜਾਣੀ ਹੈ। ਮਾਪਿਆਂ ਦੇ ਬੋਲਾਂ ਵਿੱਚ ਵੀ ਕਿਸੇ ਮਹਾਂ-ਪੁਰਸ਼ ਜਾਂ ਪੂਰਨ ਸੰਤ-ਮਹਾਤਮਾ ਦੇ ਬੋਲਾਂ ਤੋਂ ਘੱਟ ਤਾਕਤ ਨਹੀਂ ਹੁੰਦੀ। ਜਿਸ ਨੇ ਮਾਪਿਆਂ ਦੀ ਸੇਵਾ ਕਰ ਲਈ, ਉਸ ਨੂੰ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਦੀ ਜਰੂਰਤ ਨਹੀਂ। ਕਈ ਐਸੇ ਲੋਕ ਵੀ ਹਨ ਜਿਹਨਾਂ ਦੇ ਮਾਪੇ ਤਾਂ ਬ੍ਰਿਧ ਆਸ਼ਰਮਾਂ ਵਿੱਚ ਰੁਲ਼ਦੇ ਹਨ ਪਰ ਉਹ ਧਰਮ- ਅਸਥਾਨਾਂ ਤੇ ਜਾ ਕੇ ਆਪਣੀ ਤੇ ਆਪਣੇ ਬੱਚਿਆਂ ਦੇ ਸੁੱਖ ਦੀ ਅਰਦਾਸ ਕਰਦੇ ਹਨ। ਭਾਈ- ਜੋ ਬੀਜਾਂਗੇ, ਉਹੀ ਵੱਢਾਂਗੇ।ਮੁੱਕਦੀ ਗੱਲ ਇਹ ਹੈ ਕਿ- ਚੌਵੀ ਘੰਟੇ ਵਿੱਚੋਂ ਜੇ ਪੰਦਰਾਂ ਵੀਹ ਮਿੰਟ ਜਾਂ ਅੱਧਾ ਘੰਟਾ, ਮਾਵਾਂ ਦੇ ਨਾਮ ਕਰਕੇ, ਢੇਰ ਸਾਰੀਆਂ ਦੁਆਵਾਂ ਪ੍ਰਾਪਤ ਹੋ ਜਾਣ, ਜੋ ਜੀਵਨ ਦੀਆਂ ਮੁਸਕਲਾਂ ਹੱਲ ਕਰਨ ਲਈ ਤਾਕਤ ਬਣ ਜਾਣ- ਤਾਂ ਕਿਸੇ ਸਾਧ ਬਾਬੇ ਅੱਗੇ ਨੱਕ ਰਗੜ ਕੇ ਆਸ਼ੀਰਵਾਦ ਲੈਣ ਦੀ ਲੋੜ ਨਹੀਂ ਪਏਗੀ..ਤੇ ਸਾਡਾ ਜਿਉਣਾ ਧੰਨ ਹੋ ਜਾਏਗਾ!


ਸੋਚ ਲੈਣਾ ਜੇ ਵਿਹਲ ਮਿਲੇ ਤਾਂ!



ਗੁਰਦੀਸ਼ ਕੌਰ ਗਰੇਵਾਲ- ਕੈਲਗਰੀ- ਕੈਨੇਡਾ, ਵਟਸਐਪ: +91 98728 60488

Open 24 Hours 7 Days a Week

ATLAS
ANIMAL HOSPITAL





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4
www.atlasvetsinvancouver.com

# ਸਿਹਤ ਸੰਬੰਧੀ




# ਬਜ਼ੁਰਗਾਂ ਵਿੱਚ ਭੁੱਲਣ ਦੀ ਸਮੱਸਿਆ ਅਤੇ ਹੋਮਿਓਪੈਥੀ

ਉਂਝ ਤਾਂ ਭੁੱਲਣ ਦੀ ਸਮੱਸਿਆ ਕਿਸੇ ਨੂੰ ਵੀ ਉਮਰ ਦੇ ਵੱਖ-ਵੱਖ ਪੜਾਵਾਂ ਉੱਤੇ ਹੋ ਸਕਦੀ ਹੈ, ਪਰ ਕਈਆਂ ਵਿੱਚ ਵਧਦੀ ਉਮਰ ਦੇ ਨਾਲ-ਨਾਲ ਭੁਲੱਕਣਪੁਣਾ ਵਧਣਾ ਦਿਖਾਈ ਦਿੰਦਾ ਹੈ। ਇਸ ਲੇਖ ਰਾਹੀਂ ਬਜ਼ੁਰਗਾਂ ਵਿੱਚ ਭੁੱਲਣ ਦੀ ਸਮੱਸਿਆ ਅਤੇ ਯਾਦਾਸ਼ਤ ਦੀ ਘਾਟ ਜਾਂ ਯਾਦਾਸ਼ਤ ਗਵਾਉਣ ਦੇ ਵਿਸ਼ੇ 'ਤੇ ਚਾਨਣ ਪਾਇਆ ਜਾਵੇਗਾ। ਦਿਮਾਗ ਨੂੰ ਮਿਲਦੀ ਖ਼ੁਰਾਕ "ਨਿਊਰੋਟ੍ਰਾਂਸਮਿਟਰ" ਦੀ ਉਪਜ ਵਾਸਤੇ ਇੰਧਣ ਦਾ ਕੰਮ ਕਰਨ ਦੇ ਨਾਲ-ਨਾਲ "ਐਂਟੀ ਆਕਸੀਡੈਂਟ" ਨੂੰ ਵੀ ਬਰਕਰਾਰ ਰੱਖਦੀ ਹੈ। ਭੁੱਲਣ ਦੀ ਬਿਮਾਰੀ ਦੇ ਪਿੱਛੇ ਅਨੇਕਾਂ ਕਾਰਣ ਹੋ ਸਕਦੇ ਹਨ ਜਿਨ੍ਹਾਂ ਤੋਂ ਆਮ ਜ਼ਿੰਦਗੀ ਵਿੱਚ ਆਸਾਨੀ ਨਾਲ ਬਚਿਆ ਜਾ ਸਕਦਾ ਹੈ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

ਅਲੂਮਨਮ, ਸਿੱਕਾ (ਲੈੱਡ), ਮਰਕਰੀ (ਪਾਰਾ), ਅਤੇ ਵਾਧੂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਖੇਤਾਂ ਵਿੱਚ ਉਗਾਈ ਭੋਜਨ ਸਮੱਗਰੀ ਖਾਣ ਨਾਲ ਜਿੱਥੇ ਦਿਮਾਗ ਉੱਪਰ ਮਾੜਾ ਪ੍ਰਭਾਵ ਪੈਂਦਾ ਹੈ ਉੱਥੇ ਹੀ ਦਿਮਾਗ ਨੂੰ ਸੀਲੇਨੀਏਮ, ਵਿਟਾਮਿਨ ਈ ਅਤੇ ਫ਼ੋਲਿਕ ਐਸਿਡ ਜਿਹੇ ਕਈ ਤਰ੍ਹਾਂ ਦੇ ਪੋਸ਼ਕ ਤੱਤਾਂ ਦੀ ਵੀ ਘਾਟ ਹੋ ਜਾਂਦੀ ਹੈ। ਬਜ਼ੁਰਗਾਂ ਵਿੱਚ "ਅਲਜ਼ਾਈਮਰਜ਼" (ਭੁੱਲਣ ਦੀ ਬਿਮਾਰੀ) ਇੱਕ ਭਿਆਨਕ ਬਿਮਾਰੀ ਹੈ ਜਿਸ ਦੇ ਕਾਰਣ ਅਸਪਸ਼ਟ ਹਨ। ਅਮਰੀਕਾ ਵਿੱਚ 65 ਸਾਲ ਤੋਂ ਵਡੇਰੀ ਉਮਰ ਦੇ ਲਗਭਗ 10% ਬਜ਼ੁਰਗ ਇਸ ਬਿਮਾਰੀ ਨਾਲ ਪੀੜਤ ਹਨ। 40 ਤੋਂ 65 ਸਾਲ ਦੇ ਉਮਰ ਵਰਗ ਵਿੱਚ ਲਗਭਗ 5% ਵਿਅਕਤੀ ਇਸ ਬਿਮਾਰੀ ਤੋਂ ਪ੍ਰਭਾਵਿਤ ਹਨ। ਭੁੱਲਣ ਦੀ ਆਦਤ 20 ਤੋਂ 40 ਸਾਲ ਦੀ ਉਮਰ ਵਿਚਕਾਰ ਵੀ ਸ਼ੁਰੂ ਹੋ ਸਕਦੀ ਹੈ, ਪਰ ਇਹ ਵੇਖਣ ਵਿੱਚ ਵੀ ਆਇਆ ਹੈ ਕਿ ਲਗਭਗ 40% ਕੇਸਾਂ ਵਿੱਚ ਇਸ ਬਿਮਾਰੀ ਦੀ ਸਹੀ ਪਛਾਣ ਹੀ ਨਹੀਂ ਹੁੰਦੀ।



ਡਮੈਨਸ਼ੀਆ ਜਾਂ ਦਿਮਾਗੀ ਨਿਘਾਰ ਦਾ ਪਤਾ ਕਰਨ ਲਈ ਦਿਮਾਗ ਦੀ ਨਾੜੀਆਂ ਦੇ ਸਖ਼ਤ ਹੋਣ ਜਾਂ ਅਧਰੰਗ ਦੇ ਛੋਟੇ-ਛੋਟੇ ਦੌਰੇ ਪੈਣ ਜਿਹੇ ਹੋਰਨਾਂ ਸੰਭਾਵੀ ਕਾਰਣਾਂ ਦੀ ਪਰਖ ਕੀਤੀ ਜਾਣੀ ਵੀ ਜ਼ਰੂਰੀ ਹੈ। ਸਰੀਰ ਵਿੱਚ ਪਾਣੀ ਦੀ ਕਮੀ, ਉਦਾਸੀ ਰੋਗ ਅਤੇ ਨਸ਼ੇ ਦੀ ਆਦਤ ਵੀ ਇਸ ਰੋਗ ਵਿੱਚ ਯੋਗਦਾਨ ਪਾ ਸਕਦੀਆਂ ਹਨ। ਦਿਮਾਗੀ ਸਿਹਤ ਵਾਸਤੇ ਜਿੱਥੇ ਸਰੀਰਕ ਕਸਰਤ ਅਤੇ ਦਿਮਾਗੀ ਕਸਰਤ ਦੀ ਵੱਡੀ ਭੂਮਿਕਾ ਹੈ, ਉੱਥੇ ਹੀ ਸਾਡੀ ਜੀਵਨ ਸ਼ੈਲੀ ਅਤੇ ਭੋਜਨ ਉੱਤੇ ਵੀ ਇੱਕ ਚੰਗੀ ਦਿਮਾਗੀ ਸਿਹਤ ਉਸਰਦੀ ਹੈ। ਹੇਠਾਂ ਦਿੱਤੇ ਕੁਝ ਫਲ ਅਤੇ ਸਬਜ਼ੀਆਂ ਦਿਮਾਗੀ ਸਿਹਤ ਅਤੇ ਯਾਦਾਸ਼ਤ ਨੂੰ ਸਹੀ ਰੱਖਣ ਲਈ ਸਹਾਈ ਹੋ ਸਕਦੀਆਂ ਹਨ:

- ਐਵੋਕਾਡੋ
- ਚੁਕੰਦਰ
- ਬਲੂਬੈਰੀਆਂ
- ਬ੍ਰੌਕਲੀ
- ਸੈਲਰੀ
- ਖੋਪੇ ਦਾ ਤੇਲ
- ਡਾਰਕ ਚਾਕਲੇਟ
- ਅੰਡੇ ਦਾ ਯੋਕ
- ਐਕਸਟ੍ਰਾ ਵਰਜਿਨ ਆਲਿਵ ਓਇਲ
- ਹਰੀਆਂ ਸਬਜ਼ੀਆਂ
- ਰੋਜ਼ਮੈਰੀ
- ਸੈਲਮਨ
- ਹਲਦੀ
- ਅਖਰੋਟ

ਹੋਮਿਓਪੈਥਿਕ ਉਪਚਾਰ:

ਦਿਮਾਗੀ ਸਿਹਤ ਦੀ ਦੇਖਭਾਲ ਅਤੇ ਤੰਦਰੁਸਤੀ ਵਾਸਤੇ ਹੋਮਿਓਪੈਥੀ ਦੀਆਂ ਕਾਰਗਰ ਦਵਾਈਆਂ ਸਹਾਇਕ ਹੋ ਸਕਦੀਆਂ ਹਨ ਜਿਨ੍ਹਾਂ ਰਾਹੀਂ ਦਿਮਾਗ ਨੂੰ ਪੋਸ਼ਣ ਅਤੇ ਆਕਸੀਜਨ ਦੀ ਲੋੜੀਂਦੀ ਸਪਲਾਈ ਮਿਲਦੀ ਹੈ। ਸਹੀ ਦਵਾਈ ਦੀ ਵਰਤੋਂ ਨਾਲ "ਨਿਊਰੋਟ੍ਰਾਂਸਮਿਟਰ ਪ੍ਰਣਾਲੀ" ਉੱਪਰ ਵਧੀਆ ਪ੍ਰਭਾਵ ਪੈਂਦਾ ਹੈ। ਹੋਮਿਓਪੈਥਿਕ ਦਵਾਈਆਂ ਰਾਹੀਂ ਦਿਮਾਗੀ ਇਕਾਗਰਤਾ ਅਤੇ ਯਾਦਾਸ਼ਤ ਨੂੰ ਬਰਕਰਾਰ ਰੱਖਣ ਅਤੇ ਵਧਾਉਣ ਵਾਸਤੇ ਮਦਦ ਮਿਲ ਸਕਦੀ ਹੈ। ਯਾਦਾਸ਼ਤ ਦੀਆਂ ਮਾਮੂਲੀ ਸਮੱਸਿਆਵਾਂ ਵਿੱਚ ਹੋਮਿਓਪੈਥੀ ਦੀ "30 ਪੋਟੈਂਸੀ" ਦੀ ਢੁਕਵੀਂ ਦਵਾਈ ਲਈ ਜਾ ਸਕਦੀ ਹੈ।

ਪਰ, ਵਿਗੜੀ ਹੋਈ ਯਾਦਾਸ਼ਤ ਦੀ ਸਥਿਤੀ ਵਿੱਚ ਸਹੀ ਦਵਾਈ ਦੀ ਛੋਟੀ ਤੋਂ ਛੋਟੀ ਤਾਕਤ ਲੈਣੀ ਫ਼ਾਇਦੇਮੰਦ ਹੋ ਸਕਦੀ ਹੈ। ਢੁਕਵੀਂ ਦਵਾਈ ਅਤੇ ਉਸ ਦੀ ਸਹੀ ਪੋਟੈਂਸੀ ਦੀ ਚੋਣ ਸਿਰਫ਼ ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹੀ ਕਰ ਸਕਦਾ ਹੈ ਅਤੇ ਆਪਣੇ ਬਗ਼ੈਰ ਮਾਹਿਰ ਸਲਾਹ ਤੋਂ ਹੋਮਿਓਪੈਥਿਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਲੱਛਣਾ ਮੁਤਾਬਕ ਕੁਝ ਦਵਾਈਆਂ ਜਿਵੇਂ ਕਿ ਅਨਾਕਾਰਡੀਅਮ, ਬ੍ਰੈਟਾ ਕਾਰਬ, ਕੋਨੀਅਮ, ਲਾਇਕੋਪੋਡੀਅਮ, ਥੂਜਾ ਆਦਿ ਤਜਵੀਜ਼ ਕੀਤੀਆਂ ਜਾ ਸਕਦੀਆਂ ਹਨ।


ਨਸ਼ਿਆਂ ਤੋਂ ਛੁਟਕਾਰਾ ਪਾਉ




ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




Night and Day Recovery Centre
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਕਰਨਾਟਕ ਵਿਚ ਚੋਣਾਂ ਜਿੱਤਣ ਲਈ ਸਿਆਸੀ ਲੋਕ ਬਹੁਤ ਨੀਵੇਂ ਡਿੱਗ ਰਹੇ ਹਨ...

ਆਖ਼ਰਕਾਰ ਕਰਨਾਟਕਾ ਚੋਣ ਪ੍ਰਚਾਰ ਖ਼ਤਮ ਹੋ ਗਿਆ ਹੈ (ਜਲੰਧਰ ਉਪ-ਚੋਣ ਵਾਂਗ ਹੀ) ਪਰ ਜਿਹੜਾ ਸ਼ੋਰ ਇਹ ਚੋਣ-ਪ੍ਰਚਾਰ ਛੱਡ ਕੇ ਜਾ ਰਿਹਾ ਹੈ, ਉਸ ਦੀਆਂ ਗੂੰਜਾਂ ਭਾਰਤੀ ਰਾਜਨੀਤੀ ਵਿਚ ਬੜੀ ਦੇਰ ਤਕ ਸੁਣਾਈ ਦੇਂਦੀਆਂ ਰਹਿਣਗੀਆਂ। ਇਕ ਸਮਾਂ ਹੁੰਦਾ ਸੀ ਜਦ ਹਰ ਰਾਜ ਵਿਚਲੀ ਚੋਣ, ਉਸ ਰਾਜ ਦੀਆਂ ਪਾਰਟੀਆਂ ਦੇ ਆਗੂਆਂ ਦੇ ਹੱਥ ਵਿਚ ਹੁੰਦੀ ਸੀ। ਹੁਣ ਤਾਂ ਨਗਰ ਨਿਗਮ ਦੀਆਂ ਚੋਣਾਂ ਵਿਚ ਵੀ ਕੇਂਦਰੀ ਕੈਬਨਿਟ ਦੇ ਵਜ਼ੀਰ ਤਾਂ ਆਉਂਦੇ ਹੀ ਹਨ, ਸਗੋਂ ਪ੍ਰਧਾਨ ਮੰਤਰੀ ਦੇ ਆਉਣ ਦੀ ਉਡੀਕ ਵੀ ਇਕ ਵਾਰ ਨਹੀਂ, ਵਾਰ ਵਾਰ ਕੀਤੀ ਜਾਂਦੀ ਹੈ। ਹਰ ਚੋਣ ਲੁਟ ਲੈਣ ਲਈ ਪੂਰਾ ਜ਼ੋਰ ਲਗਾਇਆ ਜਾਂਦਾ ਹੈ ਤੇ ਇਹ ਅਸੀ ਜਲੰਧਰ ਦੀ ਜ਼ਿਮਨੀ ਚੋਣ ਵਿਚ ਵੀ ਵੇਖਿਆ ਹੈ ਕਿ ਦੋ ਮੁੱਖ ਮੰਤਰੀ, ਦੋ ਸਾਬਕਾ ਮੁੱਖ ਮੰਤਰੀ, ਕੇਂਦਰੀ ਕੈਬਨਿਟ ਦੇ ਮੰਤਰੀ, ਰਾਜ ਦੀ ਇਕ ਸੀਟ ਦੀ ਚੋਣ-ਲੜਾਈ ਵਿਚ ਸ਼ਾਮਲ ਹੋ ਰਹੇ ਹਨ ਜਿਥੇ ਉਮੀਦਵਾਰ ਸਿਰਫ਼ 11 ਮਹੀਨੇ ਵਾਸਤੇ ਹੀ ਐਮ.ਪੀ. ਬਣੇਗਾ। ਹਮਦਰਦੀ ਵਾਲੀ ਸੋਚ ਮੰਗ ਕਰਦੀ ਸੀ ਕਿ ਸੰਤੋਖ ਚੌਧਰੀ ਦੀ ਪਤਨੀ ਨੂੰ 11 ਮਹੀਨੇ ਵਾਸਤੇ ਐਮ. ਪੀ. ਬਣਨ ਦਿਤਾ ਜਾਂਦਾ, ਕੋਈ ਪਾਰਟੀ ਵਿਰੋਧ ਵਿਚ ਉਮੀਦਵਾਰ ਖੜਾ ਹੀ ਨਾ ਕਰਦੀ ਪਰ ਹਮਦਰਦੀ ਵਾਲੀ ਸੋਚ ਤਾਂ ਹੁਣ ਸਾਡੀ ਸਿਆਸਤ ਵਿਚੋਂ ਮਨਫ਼ੀ ਹੀ ਹੋ ਗਈ ਹੈ। ਕਿਸੇ ਨੂੰ ਕਿਸੇ ਨਾਲ ਹਮਦਰਦੀ ਨਹੀਂ ਰਹੀ। ਅਪਣਾ ਲਾਭ-ਹਾਣ ਹੀ ਸੱਭ ਤੋਂ ਉਪਰ ਸਮਝਿਆ ਜਾਂਦਾ ਹੈ।

ਪਰ ਵੋਟਾਂ ਜਿੱਤਣ ਵਾਸਤੇ ਜੋ ਤਾਂਡਵ ਕਰਨਾਟਕਾ ਵਿਚ ਖੇਡਿਆ ਗਿਆ ਹੈ, ਉਸ ਦਾ ਅਸਰ ਬੜਾ ਦੂਰ-ਰਸੀ ਹੋਣ ਵਾਲਾ ਹੈ। ਸਿਆਸੀ ਲੋਕ, ਹੁਣ ਅਪਣੇ ਮੰਚਾਂ ਤੋਂ ਜਨਤਾ ਦੇ ਭਵਿੱਖ ਨੂੰ ਸਵਾਰਨ ਦੀ ਗੱਲ ਨਹੀਂ ਕਰ ਰਹੇ ਬਲਕਿ ਧਰਮ ਯੁੱਧ ਸ਼ੁਰੂ ਕਰ ਰਹੇ ਹਨ ਤੇ ਇਸ ਨਾਲ ਮਨੋਰੰਜਨ ਦੇ ਨਾਮ ਤੇ 'ਕੇਰਲਾ ਸਟੋਰੀ' ਨਾਮਕ ਫ਼ਿਲਮ ਨੂੰ ਚੋਣ ਮੈਦਾਨ ਵਿਚ ਆਖ਼ਰੀ ਤੀਰ ਵਜੋਂ ਛੱਡ ਦਿਤਾ ਗਿਆ ਹੈ। ਅਗਲੇ 48 ਘੰਟੇ ਇਸ ਫ਼ਿਲਮ ਨੂੰ ਹਰ ਫ਼ੋਨ ਅਤੇ ਵਟਸਐਪ 'ਤੇ ਚਲਾਇਆ ਜਾਵੇਗਾ ਤੇ ਜਨਤਾ ਨੂੰ ਇਕ ਫ਼ਰਜ਼ੀ ਡਰ ਹੇਠ ਵੋਟ ਕਰਨ ਲਈ ਪ੍ਰੇਰਿਆ ਜਾਵੇਗਾ। ਫ਼ਿਲਮ ਵਿਚ ਦਰਸਾਇਆ ਗਿਆ ਹੈ ਕਿ ਹਜ਼ਾਰਾਂ ਹਿੰਦੂ ਔਰਤਾਂ ਨੂੰ ਜਬਰਨ ਮੁਸਲਮਾਨ ਬਣਾ ਕੇ ਆਈ.ਐਸ.ਆਈ.ਐਸ. ਵਿਚ ਸ਼ਾਮਲ ਕੀਤਾ ਜਾ ਰਿਹਾ ਹੈ। ਅੰਤਰਰਾਸ਼ਟਰੀ ਸੰਸਥਾਵਾਂ ਮੁਤਾਬਕ ਪੂਰੇ ਭਾਰਤ 'ਚੋਂ 60-70 ਕੁੜੀਆਂ ਇਸ ਸ਼੍ਰੇਣੀ ਵਿਚ ਆਈਆਂ ਹਨ ਤੇ ਭਾਰਤ ਦੀ 134 ਕਰੋੜ ਦੀ ਆਬਾਦੀ ਵਿਚੋਂ 100-200 ਤੋਂ ਵੱਧ ਭਾਰਤੀ ਆਈ.ਐਸ.ਆਈ.ਐਸ. ਵਿਚ ਸ਼ਾਮਲ ਨਹੀਂ ਹੋਏ। ਇਕ ਅਮਰੀਕਨ ਖੋਜ 2020 ਮੁਤਾਬਕ 66 ਭਾਰਤੀਆਂ ਨੇ ਆਈ.ਐਸ.ਆਈ.ਐਸ. ਨਾਲ ਸਾਂਝ ਪਾਈ ਹੈ।

ਪਰ ਸਾਡੇ ਦੇਸ਼ ਵਿਚ ਇਕ ਘੱਟ-ਗਿਣਤੀ ਧਰਮ ਵਿਰੁਧ ਐਸੀ ਫ਼ਿਲਮ ਨੂੰ ਚੋਣਾਂ ਦੇ ਐਨ ਮੌਕੇ ਰਲੀਜ਼ ਕੀਤਾ ਗਿਆ ਹੈ ਜੋ ਹਕੀਕਤ ਨੂੰ ਨਹੀਂ, ਝੂਠ ਅਤੇ ਨਫ਼ਰਤ ਨੂੰ ਉਭਾਰਦੀ ਹੈ। ਅਦਾਲਤ ਨੇ ਰੋਕ ਲਗਾਉਣ ਤੋਂ ਨਾਂਹ ਕਰ ਦਿਤੀ ਕਿਉਂਕਿ ਆਈ.ਐਸ.ਆਈ.ਐਸ. ਆਤੰਕੀ ਸੰਸਥਾ ਹੈ, ਧਾਰਮਕ ਨਹੀਂ ਪਰ ਇਹ ਕਿਉਂ ਨਹੀਂ ਸਮਝਿਆ ਗਿਆ ਕਿ ਆਮ ਜਨਤਾ ਇਸ ਤਰ੍ਹਾਂ ਦੀ ਸਮਝ ਨਹੀਂ ਰਖਦੀ। ਚੋਣਾਂ ਜਿਤਣਾ ਸਿਆਸਤਦਾਨਾਂ ਵਾਸਤੇ ਜ਼ਰੂਰੀ ਹੁੰਦੀਆਂ ਹਨ ਪਰ ਜੇ ਜਿੱਤ ਹਾਸਲ ਕਰਨ ਵਾਸਤੇ ਤੁਸੀ ਸ਼ੈਤਾਨ ਨਾਲ ਸਮਝੌਤਾ ਕਰ ਲਵੋ ਤਾਂ ਕਿਸੇ ਨਾ ਕਿਸੇ ਦਿਨ ਸ਼ੈਤਾਨ ਤੁਹਾਡੇ ਸਵਰਗ ਨੂੰ ਨਰਕ ਵੀ ਬਣਾ ਹੀ ਲਵੇਗਾ।

ਇੰਤਜ਼ਾਰ ਹੈ ਲੋਕਾਂ ਦੇ ਫ਼ੈਸਲੇ ਦੀ। ਕੀ ਉਹ ਫ਼ੈਸਲਾ ਅਪਣੇ ਤੇ ਦੇਸ਼ ਦੇ ਭਵਿੱਖ ਨੂੰ ਸੋਚ ਕੇ ਕਰਨਗੇ? ਕੀ ਉਹ ਭਵਿੱਖ ਵਿਚ ਦੇਸ਼ ਨੂੰ ਨਫ਼ਰਤ ਤੋਂ ਦੂਰ ਰਖਣਾ ਚਾਹੁੰਦੇ ਹਨ? ਕੀ ਇਸ ਭਵਿੱਖ ਵਿਚ ਅਸੀ ਅਪਣੇ ਆਪ ਨੂੰ ਧਰਮ ਨਿਰਪੱਖ ਜਾਂ ਹਿੰਦੂ-ਰਾਸ਼ਟਰ ਵਜੋਂ ਵੇਖਦੇ ਹਾਂ? ਇਹ ਫ਼ੈਸਲਾ ਆਉਣ ਵਾਲੇ ਸਮੇਂ ਵਾਸਤੇ ਬੜਾ ਕੁੱਝ ਸਪੱਸ਼ਟ ਕਰ ਜਾਵੇਗਾ। ਸਿਆਸਤਦਾਨਾਂ ਦੇ ਕਿਰਦਾਰ ਬਾਰੇ ਪਹਿਲਾਂ ਵੀ ਕੋਈ ਸ਼ੱਕ ਨਹੀਂ ਪਰ ਹੁਣ ਲੋਕਾਂ ਦੀ ਸੋਚ ਵੀ ਸਪੱਸ਼ਟ ਹੋ ਹੀ ਜਾਵੇਗੀ।-- ਨਿਮਰਤ ਕੌਰ

# ਚੀਨ ਪਾਕਿਸਤਾਨੀ ਫ਼ੌਜ ਨਾਲ ਸਹਿਯੋਗ ਦੇ 'ਨਵੇਂ ਖੇਤਰ' ਚਾਹੁੰਦਾ ਹੈ

ਬੀਜਿੰਗ:-ਚੀਨ ਦੇ ਰੱਖਿਆ ਮੰਤਰੀ ਲੀ ਸ਼ਾਂਗਫੂ ਨੇ ਪਾਕਿਸਤਾਨ ਦੇ ਜਲ ਸੈਨਾ ਮੁਖੀ ਅਮਜਦ ਖਾਨ ਨਿਆਜ਼ੀ ਨੂੰ ਕਿਹਾ ਕਿ ਉਨ੍ਹਾਂ ਦੀਆਂ ਫੌਜਾਂ, ਉਨ੍ਹਾਂ ਦੀਆਂ ਜਲ ਸੈਨਾਵਾਂ ਸਮੇਤ, ਖੇਤਰ ਵਿੱਚ ਸੁਰੱਖਿਆ ਦੀ ਸੁਰੱਖਿਆ ਵਿੱਚ ਦੋਵਾਂ ਗੁਆਂਢੀਆਂ ਦੀ ਸਮਰੱਥਾ ਨੂੰ ਵਧਾਉਣ ਲਈ "ਸਹਿਯੋਗ ਦੇ ਨਵੇਂ ਖੇਤਰਾਂ ਵਿੱਚ ਵਿਸਤਾਰ" ਕਰਨਾ ਚਾਹੀਦਾ ਹੈ।

ਦੋਵਾਂ ਫੌਜਾਂ ਵਿਚਕਾਰ ਸਬੰਧ ਸਾਲਾਂ ਪੁਰਾਣੇ ਹਨ, ਉਨ੍ਹਾਂ ਦੀਆਂ ਜਲ ਸੈਨਾਵਾਂ ਅਤੇ ਹਵਾਈ ਸੈਨਾਵਾਂ ਇੱਕ ਦੂਜੇ ਦੇ ਖੇਤਰ ਵਿੱਚ ਦੁਵੱਲੇ ਅਭਿਆਸਾਂ ਦਾ ਆਯੋਜਨ ਕਰਦੀਆਂ ਹਨ।

ਬੀਜਿੰਗ ਦੇ ਦੌਰੇ 'ਤੇ ਆਏ ਸ਼ਾਂਗਫੂ ਨੇ ਨਿਆਜ਼ੀ ਨੂੰ ਕਿਹਾ ਕਿ ਦੋਵਾਂ ਦੇਸ਼ਾਂ ਦੇ ਫੌਜੀ ਸਬੰਧ ਦੁਵੱਲੇ ਸਬੰਧਾਂ ਦਾ ਅਹਿਮ ਹਿੱਸਾ ਹਨ। ਦੋਵਾਂ ਫੌਜਾਂ ਨੂੰ ਆਦਾਨ-ਪ੍ਰਦਾਨ ਦੇ ਨਵੇਂ ਖੇਤਰਾਂ ਵਿੱਚ ਵਿਸਤਾਰ ਕਰਨਾ ਚਾਹੀਦਾ ਹੈ, ਹਰ ਤਰ੍ਹਾਂ ਦੇ ਜੋਖਮਾਂ ਅਤੇ ਚੁਣੌਤੀਆਂ ਨਾਲ ਨਜਿੱਠਣ ਦੀ ਆਪਣੀ ਸਮਰੱਥਾ ਨੂੰ ਲਗਾਤਾਰ ਵਧਾਉਣ ਲਈ ਸਹਿਯੋਗ ਦੇ ਨਵੇਂ ਉੱਚ ਬਿੰਦੂ ਬਣਾਉਣੇ ਚਾਹੀਦੇ ਹਨ, ਅਤੇ ਸਾਂਝੇ ਤੌਰ 'ਤੇ ਦੋਵਾਂ ਦੇਸ਼ਾਂ ਅਤੇ ਖੇਤਰ ਦੇ ਸੁਰੱਖਿਆ ਹਿੱਤਾਂ ਨੂੰ ਕਾਇਮ ਰੱਖਣਾ ਚਾਹੀਦਾ ਹੈ।




# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

**ਸਵੇਰੇ**

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ

**ਸ਼ਾਮ ਦੇ ਦੀਵਾਨ**

ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਇਸ ਹਫਤੇ ਦੇ ਪ੍ਰੋਗਰਾਮ

ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਸਰਹੰਦ ਫਤਹਿ ਦਿਵਸ ਮਨਾਇਆ ਜਾਵੇਗਾ ਅਤੇ 3 ਨਗਰਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ: 1. ਨਗਰ ਚੀਮਨਾ 2. ਨਗਰ ਕਲਸੀਆਂ 3. ਭੈਣੀ ਬਿੜਿੰਗ



ਇਹ ਅਖੰਡਪਾਠ ਸਾਹਿਬ 12 ਮਈ ਦਿਨ ਸ਼ੁੱਕਰਵਾਰ ਨੂੰ ਆਰੰਭ ਹੋਣਗੇ ਅਤੇ 14 ਮਈ ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਭੋਗ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*13 ਮਈ ਦਿਨ ਸ਼ੁੱਕਰਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਗੁਰਿੰਦਰ ਸਿੰਘ ਪਰਿਵਾਰ ਵੱਲੋਂ ਹੋਵੇਗੀ।

*13 ਮਈ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 5 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਅਮਰਿੰਦਰ ਸਿੰਘ ਭੰਗੂ ਪਰਿਵਾਰ 2. ਮਨੀਸਾ ਗਿੱਲ ਪਰਿਵਾਰ 3. ਬੀਬੀ ਸੁਖਵੀਰ ਕੌਰ ਲੌਂਗੀਆ ਪਰਿਵਾਰ ਵੱਲੋਂ ਆਪਣੀ ਬੇਟੀ ਦੇ ਅਨੰਦਕਾਰਜ ਦੀ ਖੁਸ਼ੀ ਵਿਚ

4. ਭਾਈ ਸਰਬਜੀਤ ਸਿੰਘ ਲਾਲੀ ਅਤੇ ਬੀਬੀ ਕੁਲਵਿੰਦਰ ਕੌਰ ਲਾਲੀ ਪਰਿਵਾਰ 5. ਭਾਈ ਬੇਅੰਤ ਸਿੰਘ ਮੁੰਡੇ ਪਰਿਵਾਰ ਵੱਲੋਂ

*14 ਮਈ ਦਿਨ ਐਤਵਾਰ ਨੂੰ ਸਵੇਰੇ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਸਮਸ਼ੇਰ ਸੰਧੂ ਪਰਿਵਾਰ ਵੱਲੋਂ ਹੋਵੇਗੀ।

*14 ਮਈ ਦਿਨ ਐਤਵਾਰ ਸ਼ਾਮ 3 ਵਜੇ ਬੀਬੀ ਪ੍ਰੀਤਮ ਕੌਰ ਦਾ ਅੰਤਮ ਸਸਕਾਰ ਹੋਵੇਗਾ। ਉਪਰੰਤ ਸਹਿਜਪਾਠ ਦੇ ਭੋਗ ਸ਼ਾਮ 4.30 ਵਜੇ ਗੁਰੂਘਰ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*14 ਮਈ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:

1.ਬੀਬੀ ਬਲਵਿੰਦਰ ਕੌਰ ਹੇਰਾਂ ਪਰਿਵਾਰ 2. ਭਾਈ ਸੋਹਣ ਸਿੰਘ ਕੰਗ ਪਰਿਵਾਰ

*15 ਮਈ ਦਿਨ ਸੋਮਵਾਰ ਨੂੰ ਬੀਬੀ ਕਮਲਾ ਦੇਵੀ ਭੰਗੂ ਦਾ ਅੰਤਮ ਸਸਕਾਰ ਦੁਪਹਿਰ 1 ਵਜੇ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ। ਉਪਰੰਤ ਗੁਰੂਘਰ ਵਿਖੇ 2.30 ਵਜੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

**17 ਮਈ ਦਿਨ ਬੁੱਧਵਾਰ ਸ਼ਾਮ ਨੂੰ ਅਖੰਡ ਕੀਰਤਨੀ ਜਥਿਆਂ ਵੱਲੋਂ ਕੀਰਤਨ ਦੀ ਸੇਵਾ ਹੋਵੇਗੀ।**

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਭਾਈ ਹਰਭਜਨ ਸਿੰਘ ਜਲੰਧਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਛੱਤਰ ਸਿੰਘ ਭਾਂਬੜੀ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224**

# ਕਾਵਿ ਕਿਆਰੀ

## ਜੇ ਰੁਕੇ ਨਾ ਮੇਰੀ ਕਲਮ

ਜੇ ਰੁਕੇ ਨਾ ਮੇਰੀ ਕਲਮ, ਤਾਂ ਫੇਰ ਮੈਂ ਕੀ ਕਰਾਂ,
ਜ਼ਮੀਰ ਵਧਾਵੇ ਕਦਮ, ਤਾਂ ਤੁਰਨੋਂ ਕਿਉਂ ਡਰਾਂ।
ਹਰ ਰੋਜ਼ ਤਮਾਸ਼ਾ ਹੁੰਦਾ, ਹੈ ਮੇਰੇ ਸਾਹਮਣੇ,
ਡਿੱਠਿਆ ਕਰਾਂ ਅਣਡਿੱਠ, ਤਾਂ ਮੈਂ ਡੁੱਬ ਮਰਾਂ।
ਅੱਖੀਂ ਦੇਖ ਕੇ ਮੱਖੀ, ਨਿਗ਼ਲੀ ਨਹੀਂ ਜਾਂਦੀ,
ਭਰਿਆ ਦੁੱਧ ਕਟੋਰਾ, ਬੇਸ਼ੱਕ ਰੋੜ੍ਹ ਧਰਾਂ।
ਕਾਲਾ ਕੋਝਾ ਝੂਠ, ਨਿੱਤ ਲਲਕਾਰਦਾ,
ਤਲਵਾਰੀ ਕਲਮ ਚਲਾਵਾਂ, ਇਸ ਦਾ ਕਤਲ ਕਰਾਂ।
ਉੱਚੇ ਮਹਿਲਾਂ ਮੇਰਾ, ਸੂਰਜ ਰੋਕ ਲਿਆ,
ਮੇਰੀ ਝੁੱਗੀ ਉੱਤੇ ਹੁਣ, ਪਸਰੀ ਰਹਿੰਦੀ ਛਾਂ।
ਸ਼ਾਲਾ! ਮੇਰੀ ਕਲਮ, ਕੋਈ ਜਾਦੂ ਕਰ ਜਾਵੇ,
ਮੇਰੇ ਆਲ਼ੇ ਦੁਆਲ਼ੇ, ਪੱਧਰੀ ਹੋ ਜਾਏ ਥਾਂ।
ਝੁਲਦੇ ਝੱਖੜ ਮੈਨੂੰ, ਕਦੀ ਡੁਲਾ ਜਾਂਦੇ,
ਸਹਾਰਾ ਦੇਵੇ ਇਹ ਡੱਕਾ, 'ਤੇ ਮੈਂ ਧੀਰ ਧਰਾਂ।
ਜਵਾਰ ਭਾਟੇ ਜਿਹੇ ਜਜ਼ਬੇ, ਜਜ਼ਬ ਵੀ ਤਾਂ ਹੁੰਦੇ,
ਜੇ ਚੱਪੂ ਕਲਮ ਕਰਾਵੇ, ਸਰ ਸਾਗਰ ਮਹਾਂ।
ਕਹਿਣੀ ਅਤੇ ਕਰਨੀ 'ਤੇ, ਪੂਰੇ ਉੱਤਰਨ ਲਈ,
ਝੱਲਣੀਆਂ ਨੇ ਪੈਂਦੀਆਂ, ਡਾਢੀਆਂ ਮੁਸ਼ਕਲਾਂ।
ਕਿਸੇ ਮੁਸ਼ਕਲ ਦਾ ਹੱਲ, ਜੇ ਮੇਰੀ ਕਲਮ ਕਰੇ,
ਤਾਂ ਮੈਂ ਇਸ ਨੂੰ ਵਾਹੁਣੋਂ, ਕੰਨੀ ਕਿਉਂ ਕਤਰਾਂ।
ਜੇ ਰੁਕੇ ਨਾ ਮੇਰੀ ਕਲਮ, ਤਾਂ ਫੇਰ ਮੈਂ ਕੀ ਕਰਾਂ,
ਜ਼ਮੀਰ ਵਧਾਵੇ ਕਦਮ, ਤਾਂ ਤੁਰਨੋਂ ਕਿਉਂ ਡਰਾਂ।

**–ਰਵਿੰਦਰ ਸਿੰਘ ਕੁੰਦਰਾ ਕਵੈਂਟਰੀ ਯੂ ਕੇ**

## ਸਿੱਖ ਨਿਗ਼ਲੇ ਗਏ

ਵੱਡੇ ਵੱਡੇ ਖ਼ਾਨਦਾਨੀ, ਢੂੱਠਾਂ ਵਾਲੇ ਖੱਬੀਖਾਨ,
ਜੁੱਤੀਆਂ ਨੂੰ ਫੜੀ ਹੱਥ, ਭੱਜੇ ਚੱਲੀ ਜਾਂਦੇ ਨੇ।
ਇੱਕ ਦੂਜੇ ਕੋਲੋਂ ਅੱਗੇ, ਲੰਘਣ ਦੀ ਹੋੜ੍ਹ ਵਿੱਚ,
ਆਪਣੇ ਹੀ ਟੱਬਰਾਂ ਦੇ, ਗਿੱਟੇ ਛਿੱਲੀ ਜਾਂਦੇ ਨੇ।
ਢੱਠੀਆਂ ਨੇ ਪੱਗਾਂ ਅਤੇ ਢਿਲਕਦੀਆਂ ਢੂੱਠਾਂ ਨਾਲ,
ਖਿਝ ਖਿਝ ਦੂਜਿਆਂ ਦੇ ਢੁੱਗਾਂ ਧਰੀ ਜਾਂਦੇ ਨੇ।
ਚੁਸਤੀ ਚਲਾਕੀ 'ਤੇ ਮੱਕਾਰੀਆਂ ਦੇ ਬੱਲ ਬੂਤੇ,
ਆਪਣੀਆਂ ਇੱਜ਼ਤਾਂ ਦੇ ਸੌਦੇ ਕਰੀ ਜਾਂਦੇ ਨੇ।
ਕੱਛ 'ਤੇ ਕਛਹਿਰਿਆਂ ਦੀ ਲਾਜ ਇਹਨਾਂ ਵੇਚ ਛੱਡੀ,
ਆਪਣੇ ਹੀ ਨਾਲ਼ਿਆਂ 'ਚ ਫਸ ਡਿੱਗੀ ਜਾਂਦੇ ਨੇ।
ਸਵੇਰੇ ਰੰਗ ਹੋਰ ਅਤੇ ਸ਼ਾਮ ਨੂੰ ਕੋਈ ਹੋਰ ਹੁੰਦਾ,
ਰਾਤ ਦੇ ਹਨੇਰੇ, ਮੂੰਹ ਕਾਲ਼ੇ ਕਰੀ ਜਾਂਦੇ ਨੇ।
ਚੜ੍ਹਦੇ ਨੇ ਅੱਕੀਂ ਅਤੇ, ਉੱਤਰਦੇ ਪਲ਼ਾਹੀਂ ਜਾ ਕੇ,
ਲਾਹਣਤੀ ਪੈੜਾਂ ਪਾ ਕੇ, ਮਾਣ ਕਰੀ ਜਾਂਦੇ ਨੇ।
ਜਿਹੜੇ ਇੱਕ ਦੂਜਿਆਂ ਨੂੰ, ਪਾਣੀ ਪੀ ਪੀ ਕੋਸਦੇ ਸੀ,
ਸਾਂਝੀਆਂ ਸਟੇਜਾਂ ਉੱਤੇ, ਫੱਸ ਬੈਠੀ ਜਾਂਦੇ ਨੇ।
ਗੌਂਵਾਂ ਵਾਲੇ ਜੌਂ ਅੱਜ, ਭੁੱਜਦੇ ਨੇ ਐਸੇ ਦੇਖੇ,
ਗਿੱਲੇ ਪਿੱਲੇ ਸਭ ਅੱਜ, ਭੱਠੀ ਝੋਕੀ ਜਾਂਦੇ ਨੇ।
ਅਸੂਲਾਂ ਅਤੇ ਕਦਰਾਂ ਦੀ, ਪੇਸ਼ ਨਹੀਂ ਜਾਂਦੀ ਕੋਈ,
ਫਲਸਫੇ ਬੇਚਾਰੇ ਅੱਜ, ਲੁਕੀ ਛਿਪੀ ਜਾਂਦੇ ਨੇ।
ਠੁੱਸ ਹੋਏ ਕਾਰਤੂਸ, ਆਪਣੀਆਂ ਤੋਪਾਂ ਵਿੱਚੋਂ,
ਬੇਗਾਨੀ ਤੋਪੇ ਚੱਲਣੇ ਦੀ, ਝਾਕ ਰੱਖੀ ਜਾਂਦੇ ਨੇ।
ਕਿਹੜੇ ਖੂਹੇ ਪੈਣ ਹੁਣ, ਇੱਜ਼ਤਾਂ 'ਤੇ ਸ਼ਾਨਾਂ ਅੱਜ,
ਆਮ ਸਿੱਖ ਆਪਸੀ, ਸਵਾਲ ਕਰੀ ਜਾਂਦੇ ਨੇ।
ਕਿਹਨਾਂ ਪਿੱਛੇ ਲੱਗ ਅਸੀਂ, ਜਿੰਦੜੀਆਂ ਰੋੜ੍ਹ ਲਈਆਂ,
ਸ਼ਰਮ ਦੇ ਨਾਲ, ਅੰਦਰੇ ਹੀ ਮਰੀ ਜਾਂਦੇ ਨੇ।
ਮੁਸਕੜੀਂ ਹੱਸਦਾ, ਸ਼ੈਤਾਨ ਇੱਕ ਪਾਸੇ ਹੋ ਕੇ,
ਆਪਣਾ ਹੀ ਘਾਣ ਸਿੱਖ, ਆਪੇ ਕਰੀ ਜਾਂਦੇ ਨੇ।
ਨਿਗ਼ਲੇ ਨੇ ਗਏ ਕਈ, ਥੋੜ੍ਹੇ ਜਿਹੇ ਬਚੇ ਜਿਹੜੇ,
ਦੇਖਿਓ ਉਹ ਕਿਵੇਂ, ਭੱਜ ਛੁਰੀ ਥੱਲੇ ਆਉਂਦੇ ਨੇ।



**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਕਵਿਤਾ

ਮਾਏ ਨੀ ਇੱਕ ਨੂਰ ਸੀ ਫਿਰ ਤੋਂ,
ਚੜਿਆ ਪੰਜਾਬ ਦੇ ਚਿਹਰੇ ਨੂੰ।
ਸ਼ੇਰਾਂ ਜਿਹੀ ਦਹਾੜ ਸੀ ਜਿਸਦੀ,
ਸਿਰ ਝੁਕਦਾ ਜਿਸਦੇ ਜਿਹਰੇ ਨੂੰ।
ਬੜੇ ਅਖੌਤੀ ਪੰਥਕਾਂ ਨੂੰ
ਤਕਰੀਰਾਂ ਜਿਸਦੀਆਂ ਚੁੱਭੀਆਂ ਸੀ।
ਦਿੱਲੀ ਦੀ ਹਿੱਕ ਚ ਗੱਲਾਂ ਜਿਸਦੀਆਂ,
ਤੀਰਾਂ ਵਾਂਗੂੰ ਖੁੱਭੀਆਂ ਸੀ।
ਚਿਹਰੇ ਦੇ ਨੂਰ ਇਲਾਹੀ ਨੇ,
ਫਿਰ ਲੱਟ ਲਿਆ ਸੀ ਖੇੜੇ ਨੂੰ।
ਮਾਏ ਨੀ ਇੱਕ ਨੂਰ ਸੀ ਫਿਰ ਤੋਂ,
ਚੜਿਆ ਪੰਜਾਬ ਦੇ ਚਿਹਰੇ ਨੂੰ।
ਨਸ਼ਿਆਂ ਵਿੱਚ ਡੁੱਬੀ ਜਵਾਨੀ ਲਈ,
ਉਹ ਰੱਬ ਬਣ ਕੇ ਹੀ ਬਹੁੜਿਆ ਸੀ।
ਉਹਨੇ ਹੁੰਦੀ ਪਤਿਤ ਜਵਾਨੀ ਨੂੰ,
ਫਿਰ ਅਨੰਦਪੁਰੀ ਵੱਲ ਮੋੜਿਆ ਸੀ।
ਉਹ ਲੈ ਵਹੀਰਾਂ ਤੁਰਿਆ ਸੀ ,
ਹਰ ਗਲੀ ਮੁਹੱਲੇ ਵਿਹੜੇ ਨੂੰ।
ਮਾਏ ਨੀ ਇੱਕ ਨੂਰ ਸੀ ਫਿਰ ਤੋਂ,
ਚੜਿਆ ਪੰਜਾਬ ਦੇ ਚਿਹਰੇ ਨੂੰ।
ਉਹ ਲੱਗਿਆ ਜਹਿਰ ਸਿਆਸਤ ਨੂੰ,
ਮਾਵਾਂ ਨੂੰ ਪੁੱਤਰ ਲੱਗਦਾ ਸੀ।
ਉਹ ਕੂੜ ਦੇ ਘੁੱਪ ਹਨੇਰੇ ਚੋਂ,
ਦੀਵੇ ਦੇ ਵਾਂਗੂੰ ਜਗਦਾ ਸੀ।
ਉਹਤੇ ਚੜ੍ਹਕੇ ਦਿੱਲੀ ਆਈ ਸੀ,
ਉਹ ਤੋੜ ਨਿਕਲਿਆ ਘੇਰੇ ਨੂੰ
ਮਾਏ ਨੀ ਇੱਕ ਨੂਰ ਸੀ ਫਿਰ ਤੋਂ,
ਚੜਿਆ ਪੰਜਾਬ ਦੇ ਚਿਹਰੇ ਨੂੰ।
ਉਹਦੀ ਗਲਤੀ ਹੀ ਬਸ ਐਨੀ ਸੀ,
ਉਹ ਗੱਲ ਪੰਜਾਬ ਦੀ ਕਰਦਾ ਸੀ।
ਉਹ ਸੱਚ ਤੇ ਹੱਕ ਦੀ ਮੂਰਤ ਜਿਹਾ,
ਨਾਂ ਕਿਸੇ ਕੋਲੋਂ ਉਹ ਡਰਦਾ ਸੀ।
ਐਥੇ ਸੱਚ ਤੇ ਹੱਕ ਲਈ ਜੇਲਾਂ ਨੇ,
ਤੇ ਕੁਰਸੀ ਝੂਠ ਲੁਟੇਰੇ ਨੂੰ।
ਮਾਏ ਨੀ ਇੱਕ ਨੂਰ ਸੀ ਫਿਰ ਤੋਂ,
ਚੜਿਆ ਪੰਜਾਬ ਦੇ ਚਿਹਰੇ ਨੂੰ।
ਸ਼ੇਰਾਂ ਜਿਹੀ ਦਹਾੜ ਸੀ ਜਿਸਦੀ,
ਸਿਰ ਝੁਕਦਾ ਜਿਸਦੇ ਜਿਹਰੇ ਨੂੰ।
ਅੰਤ ਨਹੀਂ ਸ਼ੁਰੂਆਤ ਹੈ ਉਸਦੀ,
ਦਿੱਲੀਏ ਕਹਿਦੇ ਹਾਕਮ ਤੇਰੇ ਨੂੰ।

**ਸੁਖਵਿੰਦਰ ਸਿੰਘ**

## ਆਖਰੀ ਸੁਨੇਹਾ

ਓਸ ਨੇ ਸ਼ੀਸ਼ੇ ਵਿਚ ਢਲਦੀ ਉਮਰ ਦੇਖ ਫੈਸਲਾ ਕੀਤਾ ਕੇ ਇੱਕਠੀ ਕੀਤੀ ਦੌਲਤ ਦਾ ਅਨੰਦ ਮਾਨਣਾ ਸ਼ੁਰੂ ਕਰਨਾ ਚਾਹੀਦਾ ਹੈ !

ਸੋਚ ਹੀ ਰਿਹਾ ਸੀ ਕੇ ਅਚਾਨਕ ਬੂਹਾ ਖੜਕਿਆ ....! ਦੋ ਅਨਜਾਣ ਚੇਹਰੇ ਅੰਦਰ ਲੰਘ ਆਏ ...!

ਕਹਿੰਦੇ ...ਬਾਪੂ ਜੀ ਚਲੋ ਤੁਹਾਡਾ ਟੈਮ ਪੂਰਾ ਹੋ ਗਿਆ ...ਤੁਰੋ ਸਾਡੇ ਨਾਲ!

ਕਹਿੰਦਾ ... ਅਜੇ ਤਾਂ ਮਰ ਮਰ ਕੇ ਇੱਕਠੀ ਕੀਤੀ ਦੌਲਤ ਦਾ ਅਨੰਦ ਹੀ ਨਹੀਂ ਮਾਣਿਆਂ ...!

ਅੱਗੋਂ ਕਹਿੰਦੇ .......ਤੁਹਾਡੀ ਇਸ ਗਲਤੀ ਵਾਸਤੇ ਅਸੀਂ ਜੁੰਮੇਵਾਰ ਨਹੀਂ ! ਥੋੜਾ ਸਹਿਮ ਜਿਹਾ ਗਿਆ ...

ਕਹਿੰਦਾ ..ਤਿੰਨ ਕੁ ਸਾਲ ਹੋਰ ਦੇ ਦਿਓ ਕਿਸੇ ਤਰਾਂ !

ਕਹਿੰਦੇ ਨਹੀਂ..........!

ਇੱਕ ਦੇ ਗੋਡੇ ਫੜ ਲਏ ਕਹਿੰਦਾ ......ਤਿੰਨ ਮਹੀਨੇ ਹੀ ਦੇ ਦਿਓਂ ਮਿਲ ਤੇ ਆਵਾਂ ਸਜਣ ਬੇਲੀਆਂ ਨੂੰ !

ਅੱਗੋਂ ਕਹਿੰਦੇ .......... ਕੋਈ ਗੁੰਜਾਇਸ਼ ਨੀ !

ਉਚੀ ਉਚੀ ਰੋਣ ਨਿੱਕਲ ਗਿਆ .. ..ਸਾਰੀ ਜਿੰਦਗੀ ਦੀ ਕਮਾਈ ਲਿਆ ਓਹਨਾ ਸਾਮਨੇ ਢੇਰੀ ਕਰ ਦਿੱਤੀ !

ਕਹਿੰਦਾ ...ਰੱਬ ਦਾ ਵਾਸਤਾ ..ਤਿੰਨ ਮਿੰਟ ਹੀ ਦੇ ਦਿਓ ਇਹਨਾ ਬਦਲੇ ...ਬਚਿਆਂ ਵਾਸਤੇ ਇੱਕ ਜਰੂਰੀ ਸੁਨੇਹਾ ਲਿਖਣਾ ਕਾਗਜ ਤੇ !

ਇੱਕ ਨੂੰ ਤਰਸ ਆ ਗਿਆ ...ਕਹਿੰਦਾ... ਢੇਰੀ ਕੀਤੀ ਦੌਲਤ ਸਾਡੇ ਕਿਸੇ ਕੰਮ ਦੀ ਨਹੀ ਪਰ ਫੇਰ ਵੀ ਰੱਬ ਦਾ ਵਾਸਤਾ ਪਾਇਆ ਈ ....ਜਾ ਦਿੱਤੇ ਤਿੰਨ ਮਿੰਟ ...ਤੂੰ ਵੀ ਕੀ ਯਾਦ ਕਰੇਂਗਾ ....!




ਛੇਤੀ ਨਾਲ ਕਾਗਜ ਕੱਢਿਆ ...ਕੁਝ ਲਿਖਿਆ ਤੇ ਟੇਬਲ ਤੇ ਰਖ ਜਹਾਨ ਨੂੰ ਅਲਵਿਦਾ ਆਖ ਗਿਆ!

ਕਾਗਜ ਤੇ ਲਿਖਿਆ ਸੀ ....

ਬੱਚਿਓ ਜਿੰਦਗੀ ਵਿਚ ਕਦੀ ਵੀ ਕਿਸੇ ਵੱਡੀ ਖੁਸ਼ੀ ਦੇ ਇੰਤਜਾਰ ਵਿਚ ਨਿੱਕੀਆਂ ਖੁਸ਼ੀਆਂ ਕੁਰਬਾਨ ਨਾ ਕਰਿਓ ਨਹੀਂ ਤੇ ਮੇਰੇ ਵਾਲਾ ਹਾਲ ਹੋਊ! ਮੈਂ ਬਦਕਿਸਮਤ ਸੌ ਪਾਪੜ ਵੇਲ ਕਮਾਈ ਦੌਲਤ ਨਾਲ ਅਖੀਰ ਵਿਚ ਜਿੰਦਗੀ ਦੇ ਤਿੰਨ ਮਿੰਟ ਵੀ ਨਾ ਖਰੀਦ ਸਕਿਆ ! ਵਰਤਮਾਨ ਵਿਚ ਰਹਿਕੇ ਹਸਦਿਆ ਖੇਡਦਿਆਂ ਖੁੱਲ ਕੇ ਬਿਤਾਇਆ ਹੋਇਆ ਹਰ ਦਿਨ ਹੀ ਪੂਰੀ ਜਿੰਦਗੀ ਹੈ ! ਬਾਕੀ ਤੇ ਬਸ ਕੰਧ ਤੇ ਟੰਗੇ ਕਲੰਡਰ ਦੀਆਂ ਲੰਘ ਚੁਕੀਆਂ ਤੇ ਆਉਣ ਵਾਲੀਆਂ ਤਰੀਕਾਂ ਹੀ ਹਨ !

'ਮਾਣ ਨੀ ਕਰੀਦਾ, ਗੁੱਡੀ ਅੰਬਰਾਂ 'ਤੇ ਚੜ੍ਹੀ ਦਾ !
ਉਮਰਾਂ ਦੇ ਦਾਹਵੇ ਕੀ, ਭਰੋਸਾ ਨਹੀਂ ਘੜ੍ਹੀ ਦਾ!

**–ਪੰਧੇਰ ਗੁਰਸੇਵ ਸਿੰਘ ਵੱਲੋਂ ਭੇਜਿਆ**


SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ
Civil Litigation
*Contract Disputes
*Construction Disputes
*Debt Collection
*Business Disputes
*Builders Lien
Divorce Cases
Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution
Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits


604.543.3886
SINGH THIND & ASSOCIATES
BARRISTERS & SOLICITORS

# ਭਾਈ ਪਰਮਜੀਤ ਸਿੰਘ ਪੰਜਵੜ ਦੇ ਪੰਜ ਭੂਤਕ ਸਰੀਰ ਨੂੰ ਪਾਕਿਸਤਾਨ ਸਰਕਾਰ ਪੰਜਾਬ ਲਿਆਉਣ ਦਾ ਪ੍ਰਬੰਧ ਕਰੇ:ਹਰਦੀਪ ਸਿੰਘ ਨਿੱਝਰ

ਸਰੀ:-ਸਰਬੱਤ ਦਾ ਭਲਾ ਮੰਗਣ ਵਾਲੀ ਵਾਲੇ ਸਿੱਖ ਨਾ ਹੀ ਆਪਣੇ ਦੇਸ਼ ਅਤੇ ਨਾ ਹੀ ਪ੍ਰਦੇਸ਼ਾਂ ਵਿਚ ਸੁਰੱਖਿਅਤ ਹਨ। ਸਿੱਖਾਂ ਦੇ ਖਾਤਮੇ ਲਈ ਯਤਨਸ਼ੀਲ ਤਾਕਤਾਂ ਦੀਆਂ ਸਾਜ਼ਿਸ਼ਾ ਇੰਨੀਆਂ ਸਰਗਰਮ ਹਨ ਕਿ ਉਹ ਆਜ਼ਾਦੀ ਪਸੰਦ ਸਿੱਖਾਂ ਨੂੰ ਕੋਹ-ਕੋਹ ਕੇ ਮਾਰ ਰਹੀਆਂ ਹਨ। ਪਰ ਸਿੱਖ ਆਖਰੀ ਸੁਆਸਾਂ ਤੱਕ ਕੌਮੀ ਘਰ ਖਾਲਸਾ ਰਾਜ ਖਾਲਿਸਤਾਨ ਦੀ ਪ੍ਰਾਪਤੀ ਲਈ ਸੰਘਰਸ਼ ਕਰਦਾ ਰਹੇਗਾ।20ਵੀਂ ਸਦੀ ਦੇ ਮਹਾਨ ਸਿੱਖ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੀ ਸਿੱਖ ਸੰਘਰਸ਼ ਦੌਰਾਨ ਭਾਈ ਪਰਮਜੀਤ ਸਿੰਘ ਪੰਜਵੜ ਵੱਲੋਂ ਵੱਡਮੁੱਲਾ ਯੋਗਦਾਨ ਪਾਇਆ ਗਿਆ ਹੈ, ਜਿਸ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਲੰਬੇ ਸਮੇਂ ਤੋ ਰੂਪੋਸ਼ ਰਹਿ ਰਹੇ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਲਹੌਰ ਵਿਖੇ ਆਪਣੇ ਘਰ ਦੇ ਬਾਹਰ ਪਾਰਕ ਵਿਚ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰਨਾ ਜਿੱਥੇ ਭਾਰਤੀ ਏਜੰਸੀਆਂ ਦਾ ਕਾਰਾ ਹੈ ਉਥੇ ਪਾਕਿਸਤਾਨ ਸਰਕਾਰ ਦੇ ਮੱਥੇ ਤੇ ਵੀ ਕਲੰਕ ਹੈ, ਕਿਉਂਕਿ ਪਿਛਲੇ ਸਮੇਂ ਦੌਰਾਨ ਅਖੋਤੀ ਭਾਰਤੀ ਜਸੂਸ ਸਰਬਜੀਤ ਸਿੰਘ ਵੱਲੋਂ ਪਾਕਿਸਤਾਨ ਵਿੱਚ ਕੀਤੇ ਗਏ ਧਮਾਕੇ ਅਤੇ ਉਸ ਦੀ ਜੇਬ ਵਿਚੋਂ ਮਿਲੇ ਸਿੱਖ ਜੁਝਾਰੂਆਂ ਦੇ ਘਰਾਂ ਦੇ ਨਕਸ਼ੇ ਤੋਂ ਭਾਰਤੀ ਏਜੰਸੀਆਂ ਦੀ ਚਾਲ ਜੱਗ ਜਾਹਰ ਹੋ ਗਈ ਸੀ।ਪਾਕਿਸਤਾਨ ਸਰਕਾਰ ਸਿੱਖ ਕੌਮ ਦੇ ਜੁਝਾਰੂ ਸੂਰਮੇ ਜੋ ਸਿੱਖ ਕੌਮ ਦੀ ਜਿੰਦ-ਜਾਨ ਅਤੇ ਰੂਪੋਸ਼ ਰਹਿ ਰਹੇ ਹਨ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।

ਸਿੱਖ ਕੌਮ ਕੋਲ ਆਪਣਾ ਕੌਮੀ ਘਰ ਖਾਲਸਾ ਰਾਜ "ਖਾਲਿਸਤਾਨ" ਦੇਸ਼ ਨਾ ਹੋਣ ਕਰਕੇ ਸਿੱਖਾਂ ਨੂੰ ਬੇਗਾਨੇ ਮੁਲਖਾਂ ਵਿੱਚ ਜਿੱਥੇ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈ ਰਹੀਆਂ ਹਨ ਉਥੇ ਸਰੀਰਕ ਤੌਰ ਤੇ ਵੀ ਖ਼ਤਮ ਕੀਤਾ ਜਾ ਰਿਹਾ ਹੈ। ਸਾਡਾ ਉਸ ਅਕਾਲ ਪੁਰਖ ਵਾਹਿਗੁਰੂ ਦੇ ਅਟੱਲ ਵਿਸ਼ਵਾਸ ਹੈ ਕਿ ਭਾਈ ਪਰਮਜੀਤ ਸਿੰਘ ਪੰਜਵੜ ਦਾ ਡੁੱਲਿਆ ਖ਼ੂਨ ਖ਼ਾਲਿਸਤਾਨ ਦੀਆਂ ਨੀਹਾਂ ਨੂੰ ਪੱਕੀਆਂ ਕਰੇਗਾ।ਇਸ ਸਬੰਧ ਵਿਚ ਆਉਣ ਵਾਲੇ ਦਿਨਾਂ ਵਿਚ ਮਨੁੱਖੀ ਅਧਿਕਾਰਾਂ ਲਈ ਅਵਾਜ਼ ਬੁਲੰਦ ਕਰਨ ਵਾਲੇ ਇਨਸਾਫ ਪਸੰਦ ਅਤੇ ਅਜ਼ਾਦੀ ਪਸੰਦ ਸਿੱਖਾਂ ਵੱਲੋਂ ਕੈਨੇਡਾਂ ਵੈਨਕੂਵਰ ਪਾਕਿਸਤਾਨੀ ਅੰਬੈਸੀ ਵਿਖੇ ਪਾਕਿਸਤਾਨ ਕੌਂਸਲਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ ਕਿ ਭਾਈ ਪਰਮਜੀਤ ਸਿੰਘ ਪੰਜਵੜ ਦੇ ਸਰੀਰ ਨੂੰ ਪਾਕਿਸਤਾਨ ਸਰਕਾਰ ਭਾਰਤ ਭੇਜਣ ਦਾ ਪ੍ਰਬੰਧ ਕਰੇ ਉੱਥੇ ਪਾਕਿਸਤਾਨ ਸਰਕਾਰ ਪਾਕਿਸਤਾਨ ਵਿੱਚ ਰਹਿ ਰਹੇ ਸਿੱਖਾਂ ਦੀ ਸੁਰੱਖਿਆ ਵੀ ਯਕੀਨੀ ਬਣਾਈ ਜਾਵੇ।


ਵਾਹਿਗੁਰੂ ਜੀ ਕਾ ਖਾਲਸਾ।।
ਵਾਹਿਗੁਰੂ ਜੀ ਕੀ ਫਤਹਿ।।
ਆਪ ਸਭ ਨੂੰ ਬੇਨਤੀ ਹੈ ਕਿ ਨਗਰ ਕਲਸੀਆਂ ਜਿਲਾ ਲੁਧਿਆਣਾ ਦੀਆਂ ਸੰਗਤਾਂ ਵੱਲੋਂ ਹਰ ਸਾਲ ਦੀ ਤਰਾਂ ਅਖੰਡ ਪਾਠ ਸਾਹਿਬ ਦੀ ਸੇਵਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਹੋ ਰਹੀ ਹੈ
**ਅਖੰਡ ਪਾਠ ਸਾਹਿਬ ਅਰੰਭ 12 ਮਈ ਦਿਨ ਸ਼ੁੱਕਰਵਾਰ 9:30 ਵਜੇ ਹੋਣਗੇ , ਜਿੰਨਾ ਦੇ ਭੋਗ 14 ਮਈ ਦਿਨ ਐਤਵਾਰ ਨੂੰ 9:30 ਵਜੇ ਪਾਏ ਜਾਣਗੇ।**
ਸਮੂਹ ਨਗਰ ਨਿਵਾਸੀਆਂ ਨੂੰ ਬੇਨਤੀ ਹੈ ਤਿੰਨੇ ਦਿਨ ਹਾਜਰੀ ਭਰਕੇ ਗੁਰੂਘਰ ਦੀਆਂ ਖੁਸ਼ੀਆਪ੍ਰਾਪਤ ਕਰੀਏ ਜੀ ।
ਹੋਰ ਜਾਣਕਾਰੀ ਲਈ
778 908 3221
ਸਿੰਘ ਸਭਾ ਗੁਰਦੁਆਰਾ ਸਾਹਿਬ
8115-132 STREET
6045903232

## ਸਿੱਖ ਪੰਥ ਦਾ ਹੀਰਾ ਸੀ ਭਾਈ ਪਰਮਜੀਤ ਸਿੰਘ ਪੰਜਵੜ:ਰਣਜੀਤ ਸਿੰਘ ਖਾਲਸਾ

ਭਾਈ ਪਰਮਜੀਤ ਸਿੰਘ ਪੰਜਵੜ ਸਿੱਖ ਪੰਥ ਦਾ ਹੀਰਾ ਸੀ, ਜਿਸਨੇ ਭਾਰਤੀ ਫੌਜਾਂ ਵੱਲੋਂ ਸਾਡੇ ਮੁਕੱਦਸ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਤੇ ਹੱਲਾ ਕਰਕੇ ਸਾਡੀ ਸ਼ਕਤੀ ਦੇ ਪ੍ਰਤੀਕ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰਨ ਅਤੇ ਫੇਰ ਬਾਅਦ ਵਿਚ ਬੁੱਚੜ ਬੇਅੰਤੇ ਤੇ ਕੇਪੀਐਸ ਗਿੱਲ ਦੀ ਜੋੜੀ ਵੱਲੋਂ ਸਿੱਖ ਜੁਆਨੀ ਦਾ ਘਾਣ ਕੀਤੇ ਜਾਣ ਦੇ ਦਰਦ ਨੂੰ ਮਹਿਸੂਸ ਕਰਦਿਆਂ ਇਸਦਾ ਬਦਲਾ ਲੈਣ ਦਾ ਉੱਦਮ ਕੀਤਾ ਸੀ ਜੋ ਸਾਡੀ ਸਦੀਆਂ ਪੁਰਾਣੀ ਰਵਾਇਤ ਹੈ। ਭਾਈ ਪਰਮਜੀਤ ਸਿੰਘ ਪੰਜਵੜ ਭਾਰਤੀ ਸਰਕਾਰ ਅਤੇ ਸਿੱਖ ਵਿਰੋਧੀ ਤਾਕਤਾਂ ਲਈ ਤਾਂ ਕੋਈ ਅੱਤਵਾਦੀ ਜਾਂ ਹਤਿਆਰਾ ਹੋ ਸਕਦਾ ਹੈ ਪਰ ਸਿੱਖ ਪੰਥ ਲਈ ਉਹ ਇੱਕ ਅਜਿਹਾ ਯੋਧਾ ਸੀ ਜਿਸਨੇ ਪੰਥ ਦੀ ਪੱਗ ਫੇਰ ਉਸਦੇ ਸਿਰ ਸਜਾਉਣ ਦਾ ਯਤਨ ਕੀਤਾ ਸੀ। ਅੱਜ ਭਾਰਤੀ ਏਜੰਸੀਆਂ ਵੱਲੋਂ ਭਾਈ ਪਰਮਜੀਤ ਸਿੰਘ ਪੰਜਵੜ ਦਾ ਪਾਕਿਸਤਾਨ ਵਿੱਚ ਕਤਲ ਕੀਤੇ ਜਾਣ ਦੀ ਅਸੀਂ ਪੁਰਜ਼ੋਰ ਸ਼ਬਦਾਂ ਵਿਚ ਨਿੰਦਾ ਕਰਦੇ ਹਾਂ ਅਤੇ ਮੰਗ ਕਰਦੇ ਹਾਂ ਕਿ ਉਸਦੀ ਮਿਰਤਕ ਦੇਹ ਭਾਰਤ ਉਸਦੇ ਪਿੰਡ ਪੰਜਵੜ ਭੇਜੀ ਜਾਵੇ ਤਾਂ ਜੋ ਇਸ ਯੋਧੇ ਦਾ ਉਸਦੀ ਜਨਮ ਭੋਇੰ ਤੇ ਉਸਦੇ ਆਪਣਿਆਂ ਹੱਥੀਂ ਅੰਤਿਮ ਸੰਸਕਾਰ ਕੀਤਾ ਜਾ ਸਕੇ। ਅਸੀਂ ਇਸ ਔਖੇ ਵੇਲੇ ਪਾਕਿਸਤਾਨ ਸਰਕਾਰ ਵੱਲੋਂ ਵਿਖਾਈ ਜਾ ਰਹੀ ਬੇਗਾਨਗੀ ਦੀ ਵੀ ਪੁਰਜ਼ੋਰ ਨਿੰਦਾ ਕਰਦੇ ਹਾਂ ਜਿਸਨੇ ਭਾਈ ਸਾਹਿਬ ਦੇ ਜਰਮਨ ਰਹਿੰਦੇ ਪੁੱਤਰਾਂ ਵੱਲੋਂ ਅੰਤਿਮ ਦਰਸ਼ਨਾਂ ਲਈ ਦਿੱਤੀ ਵੀਜ਼ਾ ਅਰਜ਼ੀ ਨੂੰ ਅਸਵਿਕਾਰ ਕਰ ਦਿੱਤਾ ਹੈ। (ਜਿਕਰਯੋਗ ਹੈ ਕਿ ਭਾਈ ਪੰਜਵੜ ਦੀ ਸੁਪਤਨੀ ਅਤੇ ਬੱਚੇ ਜੋ ਜਰਮਨੀ ਵਿਚ ਰਹਿ ਰਹੇ ਸਨ ਤੇ ਉਨ੍ਹਾਂ ਦੀ ਪਤਨੀ ਕੁਝ ਅਰਸਾ ਪਹਿਲਾਂ ਪਰਲੋਕ ਸਿਧਾਰ ਚੁੱਕੀ ਹੈ)

-ਗੁਰੂ ਪੰਥ ਦਾ ਦਾਸ,ਰਣਜੀਤ ਸਿੰਘ ਖਾਲਸਾ

## ਸਿੱਧੂ ਮੂਸੇਵਾਲੇ ਦਾ ਕਤਲ ਵੀ ਆਪ ਨੂੰ ਲੈ ਬੈਠੇਗਾ



ਜਲੰਧਰ ਜ਼ਿਮਨੀ ਚੋਣ ਦੇ ਬਹੁ ਰੰਗੀ ਬਣ ਗਈ ਹੈ।ਇੱਕ ਪਾਸੇ ਟਕਸਾਲੀ ਅਕਾਲੀ ਆਪਣੇਂ ਆਪ ਪੰਥਕ ਕਹਾਉਂਦੇ ਆਗੂ ਭਾਜਪਾ ਵੱਲ ਜਾ ਰਹੇ ਹਨ ਦੂਜੇ ਪਾਸੇ ਸਿੱਧੂ ਮੂਸੇਵਾਲਾ ਦੇ ਮਾਂ- ਬਾਪ ਚਰਨ ਕੌਰ ਅਤੇ ਬਲਕੌਰ ਸਿੰਘ ਨੇ ਚੋਣਾਂ ਵਿੱਚ ਭਾਂਬੜ ਮਚਾ ਦਿੱਤਾ ਹੈ।ਉਨ੍ਹਾਂ ਦੇ ਆਪ ਵਿਰੋਧੀ ਰੋਡ ਸ਼ੋਅ ਨੂੰ ਜਲੰਧਰ ਜਿਲ੍ਹੇ 'ਚ ਭਰਵਾਂ ਹੁੰਗਾਰਾ ਮਿਲਿਆ। ਬਲਕੌਰ ਸਿੰਘ ਤੇ ਚਰਨ ਕੌਰ ਦੀ ਉਹ ਭਾਵੁਕ ਅਪੀਲ ਕਿ ਜੇ ਤੁਸੀਂ ਸਿੱਧੂ ਮੂਸੇਵਾਲਾ ਨੂੰ ਪਿਆਰ ਕਰਦੇ ਹੋ ਅਤੇ ਉਸਦੇ ਕਤਲ ਦਾ ਇਨਸਾਫ਼ ਚਾਹੁੰਦੇ ਹੋ, ਤਾਂ 'ਆਪ' ਨੂੰ ਵੋਟ ਨਾ ਪਾਇਓ, ਹੋਰ ਕਿਸੇ ਨੂੰ ਮਰਜ਼ੀ ਵੋਟ ਪਾ ਦਿਓ। ਨੌਜਵਾਨਾ ਨੂੰ ਬੇਹੱਦ ਭਾਵੁਕ ਕਰ ਰਹੀ ਹੈ। ਭਾਵੇਂ ਕਿ ਇਸਨੂੰ ਸਿਆਸੀ ਸਟੰਟ ਦੱਸਣ ਦੀ ਭਰਵੀਂ ਕਸ਼ਿਸ ਹੋਈ।ਪਰ ਕਿਸੇ ਨੇ ਉਸ ਵੱਲ ਧਿਆਨ ਨਹੀਂ ਦਿੱਤਾ।ਸਾਰਿਆਂ ਦਾ ਇੱਕ ਵਿਚਾਰ ਸੀ ਜਿਸ ਤਨ ਲਈ, ਸੋਈ ਜਾਨੈ।

## ਰਾਜੌਰੀ ਹਮਲੇ 'ਚ 5 ਭਾਰਤੀ ਜਵਾਨ ਮਾਰੇ ਗਏ, ਕਈ ਅਧਿਕਾਰੀ ਜ਼ਖਮੀ

ਜੰਮੂ- ਭਾਰਤ ਦੇ ਕਬਜ਼ੇ ਵਾਲੇ ਜੰਮੂ-ਕਸ਼ਮੀਰ ਵਿੱਚ ਰਾਜੌਰੀ ਜ਼ਿਲ੍ਹੇ ਵਿੱਚ ਹੋਏ ਹਮਲੇ ਵਿੱਚ ਪੰਜ ਭਾਰਤੀ ਫ਼ੌਜੀ ਮਾਰੇ ਗਏ ਅਤੇ ਕਈ ਹੋਰ ਜ਼ਖ਼ਮੀ ਹੋ ਗਏ।ਜ਼ਿਲੇ ਦੇ ਕੇਸਰੀ ਇਲਾਕੇ 'ਚ ਉਨ੍ਹਾਂ ਵੱਲੋਂ ਸ਼ੁਰੂ ਕੀਤੀ ਗਈ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਦੌਰਾਨ ਭਾਰਤੀ ਬਲਾਂ ਦੇ ਜਵਾਨਾਂ 'ਤੇ ਹਮਲਾ ਹੋਇਆ।ਹਮਲੇ 'ਚ ਘੱਟੋ-ਘੱਟ ਪੰਜ ਫੌਜੀ ਮਾਰੇ ਗਏ ਅਤੇ ਇਕ ਅਧਿਕਾਰੀ ਸਮੇਤ ਕਈ ਹੋਰ ਜ਼ਖਮੀ ਹੋ ਗਏ।ਭਾਰਤੀ ਫੌਜ ਨੇ ਇੱਕ ਬਿਆਨ ਵਿੱਚ ਦਾਅਵਾ ਕੀਤਾ ਹੈ ਕਿ 'ਕਸ਼ਮੀਰੀ ਗੁਰੀਲਿਆਂ' ਨੇ ਤਲਾਸ਼ੀ ਦੌਰਾਨ ਇੱਕ ਵਿਸਫੋਟਕ ਯੰਤਰ ਚਲਾਇਆ।



TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY
1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

11 ਮਈ, ਦਿਨ ਵੀਰਵਾਰ.......ਸਵੇਰ ਨੂੰ ਅਨੰਦ ਕਾਰਜ ਹੋਵੇਗਾ।
12 ਮਈ, ਦਿਨ ਸ਼ੁੱਕਰਵਾਰ......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
12 ਮਈ, ਦਿਨ ਸ਼ੁੱਕਰਵਾਰ......12:30 ਵਜੇ ਸਵ. ਭਾਈ ਅਮਰੀਕ ਸਿੰਘ ਪੁਰੇਵਾਲ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
13 ਮਈ, ਦਿਨ ਸ਼ਨਿੱਚਰਵਾਰ...ਸਵੇਰ ਨੂੰ ਅਨੰਦ ਕਾਰਜ ਹੋਵੇਗਾ।
13 ਮਈ, ਦਿਨ ਸ਼ਨਿੱਚਰਵਾਰ...ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਰਕੇਸ਼ ਵਾਲੀਆ ਅਤੇ ਪਰਿਵਾਰ ਵਲੋਂ ਹੋਵੇਗੀ।
14 ਮਈ, ਦਿਨ ਐਤਵਾਰ.......9:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
15 ਮਈ, ਦਿਨ ਸੋਮਵਾਰ........ਸੰਗਰਾਂਦ ਹੈ, ਸ਼ਾਮ ਨੂੰ ਦੀਵਾਨ ਸਜਣਗੇ।
17 ਮਈ, ਦਿਨ ਬੁੱਧਵਾਰ........ਸਵੇਰ ਨੂੰ ਅਨੰਦ ਕਾਰਜ ਹੋਵੇਗਾ।
19 ਮਈ, ਦਿਨ ਸ਼ੁੱਕਰਵਾਰ......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
20 ਮਈ, ਦਿਨ ਸ਼ਨਿੱਚਰਵਾਰ...ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
20 ਮਈ, ਦਿਨ ਸ਼ਨਿੱਚਰਵਾਰ...ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਸੁੱਚਾ ਸਿੰਘ ਮਾਨ ਅਤੇ ਪਰਿਵਾਰ ਵਲੋਂ ਹੋਵੇਗੀ।
21 ਮਈ, ਦਿਨ ਐਤਵਾਰ.......ਸਵੇਰ ਦੇ ਲੰਗਰ ਦੀ ਸੇਵਾ ਬੀਬੀ ਮਨਜੀਤ ਕੌਰ ਭਾਰਜ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

PANORAMA
WEST GROUP

# PANORAMA
## WEST GROUP PRESENTS...



Harjit S. Atwal
604-657-1729

RiVERSiDE VIEW

NOW SELLING

RIVERSIDE VIEW EMBRACES THE ARCHITECTURAL DESIGNS OF OUR 1 TO 4 BEDROOM TOWNHOMES & DUPLEXES.

1960SF-2600SF



www.amayaliving.ca
Register Now
LUXURIOUS 1, 2 & 3 Bedrooms
Condos & TownHomes

AMAYA LIVING

In Surrey



DOUGLAS GREENLIVING

www.douglasgreenliving.com



DOUGLAS GREEN LIVING EMBRACES THE ARCHITECTURAL DESIGNS OF OUR 1 TO 4 BEDROOM CONDOS AND TOWNHOMES.



www.panoramawesthomes.com
Email:infopanoramawesthomes.com

Ph:778-885.6700
#101-15150-56Ave
Surrey, BC V3S 1B8

## MBA Conracting Ltd



For Best Excavation Services
Call:BOBBY ATWAL
604-825-9601

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ
ਖਰੀਦਣ ਜਾਂ ਵੇਚਣ
ਸਾਡੇ ਨਾਲ ਸੰਪਰਕ ਕਰੋ



VIPRAN SANDHU
(Realtor)
PH 604-729-9011



ANEIL ATWAL
(Realtor)
(604) 537-3567

*RESIDENTIAL
*COMMERCIAL
*AGRICULTURAL

Email:vipransandhu@gmail.com
Email:aneilatwal@gmail.com


Sharon Atwal
Notary Corporation

11925 80 Ave, Delta, BC V4C 1Y1
Email:S.ATWAL@HOTMAIL.COM
Ph:604-366-2869

NOTARIZATIONS:
- Certified True Copies
- Travel Consent Letters
- Affidavits, Statutory Declarations
- Letters of Invitation

REAL ESTATE CONVEYANCING:
- Sales, Purchases
- Mortgage Refinances
- Manufactured Home Transfers
- Private Mortgages
- Family Transfers

PERSONAL PLANNING:
- Wills -
Power of Attorneys



# ਹਸਗੁੱਲੇ

ਪਤਨੀ, ''ਸੁਣੋ ਜੀ! ਇਹ ਪ੍ਰਸਨਲ, ਸੀਕ੍ਰੇਟ ਅਤੇ ਟਾਪ ਸੀਕ੍ਰੇਟ ਕੀ ਹੁੰਦਾ ਹੈ?"

ਪਤੀ, ''ਦੇਖ, ਤੂੰ ਮੈਨੂੰ ਪਸੰਦ ਹੈਂ, ਇਹ ਪ੍ਰਸਨਲ ਹੈ, ਤੇਰੀ ਸਹੇਲੀ ਮੈਨੂੰ ਪਸੰਦ ਹੈ, ਇਹ ਸੀਕ੍ਰੇਟ ਹੈ ਅਤੇ ਤੇਰੀ ਸਹੇਲੀ ਨੂੰ ਵੀ ਮੈਂ ਪਸੰਦ ਹਾਂ, ਇਹ ਟਾਪ ਸੀਕ੍ਰੇਟ ਹੈ।"

********

ਮਾਸਟਰ ਜੀ, ''ਦੱਸੋ ਬੱਚਿਓ! ਅਧੂਰੇ ਸੁਫਨੇ ਪੂਰੇ ਕਰਨ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ?"

ਪੱਪੂ, ''ਆਸਾਨ ਹੈ, ਸਰ ਫਿਰ ਤੋਂ ਸੌਂ ਜਾਣਾ ਚਾਹੀਦਾ ਹੈ।"

********

ਪੱਪੂ ਪਰਵਾਰ ਨਾਲ ਕਾਰ ਵਿੱਚ ਜਾ ਰਿਹਾ ਸੀ, ਟਰੈਫਿਕ ਪੁਲਸ ਵਾਲੇ ਨੇ ਉਸ ਨੂੰ ਰੋਕਿਆ ਤੇ ਬੋਲਿਆ, ''ਵਾਹ! ਤੁਸੀਂ ਤਾਂ ਸੀਟ ਬੈਲਟ ਲਾ ਕੇ ਗੱਡੀ ਚਲਾ ਰਹੇ ਹੋ, ਤੁਹਾਨੂੰ ਮਿਲਦਾ ਹੈ ਪੰਜ ਸੌ ਰੁਪਏ ਦਾ ਇਨਾਮ। ਵੈਸੇ, ਤੁਸੀਂ ਇਨ੍ਹਾਂ ਪੈਸਿਆਂ ਦਾ ਕੀ ਕਰੋਗੇ।"ਪੱਪੂ, ''ਜੀ, ਸਭ ਤੋਂ ਪਹਿਲਾਂ ਡਰਾਈਵਿੰਗ ਲਾਇਸੈਂਸ ਬਣਾਵਾਂਗਾ।"

********

ਪਿਤਾ (ਆਪਣੇ ਪੁੱਤਰ ਨੂੰ), ''ਮਨੀ ਤੂੰ ਤਾਂ ਸਾਰੇ ਸਬਜੈਕਸਟ ਵਿੱਚ ਫੇਲ੍ਹ ਏਂ।"

ਮਨੀ, ''ਡੈਡੀ, ਅੱਜ ਤਾਂ ਤੁਹਾਨੂੰ ਯਕੀਨ ਹੋ ਗਿਆ ਕਿ ਮੈਂ ਨਕਲ ਨਹੀਂ ਕਰਦਾ।"

********

ਵੀਰੂ ਦੇ ਪਿਤਾ ਦੀ ਮੌਤ ਹੋ ਗਈ। ਰੰਜਨ ਉਨ੍ਹਾਂ ਦੇ ਅੰਤਿਮ ਸਮੇਂ ਦੀਆਂ ਕੁਝ ਤਸਵੀਰਾਂ ਖਿੱਚਣ ਲਈ ਉਥੇ ਗਿਆ।

ਅਚਾਨਕ ਵੀਰੂ ਨੇ ਰੰਜਨ ਨੂੰ ਜ਼ੋਰਦਾਰ ਚਪੇੜ ਮਾਰ ਦਿੱਤੀ। ਲੋਕਾਂ ਨੇ ਪੁੱਛਿਆ, ''ਕੀ ਗੱਲ ਹੋ ਗਈ ਵੀਰੂ? ਰੰਜਨ ਨੂੰ ਇੰਨੀ ਜ਼ੋਰ ਨਾਲ ਚਪੇੜ ਕਿਉਂ ਮਾਰੀ?"

ਵੀਰੂ, ''ਬਾਪੂ ਦੀ ਫੋਟੋ ਖਿੱਚਦੇ ਸਮੇਂ ਉਨ੍ਹਾਂ ਨੂੰ ਕਹਿ ਰਿਹਾ ਸੀ, 'ਸਮਾਈਲ ਪਲੀਜ਼'।"

********

ਦੁੱਧ ਵਾਲਾ (ਬੇਟੇ ਨੂੰ), ''ਪਾਣੀ ਵਿੱਚ ਦੁੱਧ ਪਾ ਦੇ।"

ਬੇਟਾ, ''ਪਿਤਾ ਜੀ ਪਾਣੀ ਵਿੱਚ ਦੁੱਧ ਪਾਉਣ ਦਾ ਕੀ ਮਤਲਬ?"

ਦੁੱਧ ਵਾਲਾ, ''ਤਾਂ ਕਿ ਅਸੀਂ ਕਸਮ ਖਾ ਕੇ ਕਹਿ ਸਕੀਏ ਕਿ ਅਸੀਂ ਦੁੱਧ ਵਿੱਚ ਪਾਣੀ ਨਹੀਂ ਮਿਲਾਇਆ।"

********

ਪਿਤਾ (ਬੇਟੇ ਨੂੰ), ''ਦੇਖੋ ਬੇਟਾ, ਜੂਆ ਨਹੀਂ ਖੇਡਦੇ।

ਇਹ ਅਜਿਹੀ ਆਦਤ ਹੈ ਕਿ ਜੇ ਇਸ 'ਚ ਅੱਜ ਜਿੱਤੇਂਗਾ ਤਾਂ ਕੱਲ੍ਹ ਨੂੰ ਹਾਰੇਂਗਾ, ਪਰਸੋਂ ਜਿੱਤੇਂਗਾ ਤਾਂ ਉਸ ਤੋਂ ਅਗਲੇ ਦਿਨ ਹਾਰ ਜਾਵੇਂਗਾ...।"

ਬੇਟਾ, ''ਬਸ ਪਿਤਾ ਜੀ, ਮੈਂ ਸਮਝ ਗਿਆ। ਅੱਗੇ ਤੋਂ ਮੈਂ ਇੱਕ ਦਿਨ ਛੱਡ ਕੇ ਖੇਡਿਆ ਕਰਾਂਗਾ...।"

ਪਿਤਾ (ਬੇਟੇ ਨੂੰ), ''ਦੇਖੋ ਬੇਟਾ, ਜੂਆ ਨਹੀਂ ਖੇਡਦੇ। ਇਹ ਅਜਿਹੀ ਆਦਤ ਹੈ ਕਿ ਜੇ ਇਸ 'ਚ ਅੱਜ ਜਿੱਤੇਂਗਾ ਤਾਂ ਕੱਲ੍ਹ ਨੂੰ ਹਾਰੇਂਗਾ, ਪਰਸੋਂ ਜਿੱਤੇਂਗਾ ਤਾਂ ਉਸ ਤੋਂ ਅਗਲੇ ਦਿਨ ਹਾਰ ਜਾਵੇਂਗਾ...।"

ਬੇਟਾ, ''ਬਸ ਪਿਤਾ ਜੀ, ਮੈਂ ਸਮਝ ਗਿਆ। ਅੱਗੇ ਤੋਂ ਮੈਂ ਇੱਕ ਦਿਨ ਛੱਡ ਕੇ ਖੇਡਿਆ ਕਰਾਂਗਾ...।"

********

ਪੱਪੂ ਕੌਨ ਬਨੇਗਾ ਕਰੋੜਪਤੀ ਸ਼ੋਅ ਵਿੱਚ ਗਿਆ। ਅਮਿਤਾਭ ਬੱਚਨ ਨੇ ਉਸ ਨੂੰ ਪੁੱਛਿਆ, ''ਪੱਪੂ ਜੀ,

ਤੁਸੀਂ ਕਿਸ ਦੇ ਨਾਲ ਇਥੇ ਆਏ ਹੋ?" ਪੱਪੂ, ''ਪਿਤਾ ਜੀ ਨਾਲ।"

ਅਮਿਤਾਭ, ''ਤੁਹਾਡੇ ਪਿਤਾ ਜੀ ਦਾ ਸ਼ੁੱਭ ਨਾਂ?"

ਪੱਪੂ, ''ਹਾਂ ਜੀ।"

ਅਮਿਤਾਭ, ''ਕੀ ਨਾਂ ਹੈ ਤੁਹਾਡੇ ਪਿਤਾ ਜੀ ਦਾ?"

ਪੱਪੂ, ''ਜੀ।"

ਅਮਿਤਾਭ, ''ਓ ਪੱਪੂ ਜੀ, ਮੈਂ ਤੁਹਾਡੇ ਕੋਲੋਂ ਤੁਹਾਡੇ ਪਿਤਾ ਜੀ ਦਾ ਨਾਂ ਪੁੱਛ ਰਿਹਾ ਹਾਂ।"

ਪੱਪੂ, ''ਪਹਿਲਾਂ ਮੈਨੂੰ ਚਾਰ ਆਪਸ਼ਨ ਤਾਂ ਦਿਓ।"

********

ਜੱਜ (ਫੜੇ ਗਏ ਚੋਰ ਨੂੰ), ''ਚੰਗਾ ਤਾਂ ਤੂੰ ਚਾਰ ਵਾਰ ਇਕੋ ਦੁਕਾਨ ਦਾ ਤਾਲਾ ਤੋੜਦਾ ਫੜਿਆ ਗਿਆ ਏਂ?"

ਚੋਰ, ''ਜੀ ਸਾਹਿਬ।"

ਜੱਜ, ''ਤੂੰ ਕੀ ਚੋਰੀ ਕੀਤਾ ਸੀ?"

ਚੋਰ, ''ਸਾਹਿਬ, ਮੈਂ ਇਕ ਡ੍ਰੈਸ ਚੋਰੀ ਕੀਤੀ ਸੀ।"

ਜੱਜ, ''ਜਦੋਂ ਤੂੰ ਇਕ ਵਾਰ ਡ੍ਰੈਸ ਚੋਰੀ ਕਰ ਲਈ ਸੀ ਤਾਂ ਫਿਰ ਚਾਰ ਵਾਰ ਉਥੇ ਜਾਣ ਦੀ ਕੀ ਲੋੜ ਸੀ?"

ਚੋਰ, ''ਸਾਹਿਬ, ਜਿਹੜੀਆਂ ਤਿੰਨ ਡ੍ਰੈਸਾਂ ਮੈਂ ਪਹਿਲਾਂ ਚੋਰੀ ਕੀਤੀਆਂ ਸਨ, ਉਨ੍ਹਾਂ ਦਾ ਰੰਗ ਮੇਰੀ ਘਰ ਵਾਲੀ ਨੂੰ ਪਸੰਦ ਨਹੀਂ ਆਇਆ ਸੀ।"

********

ਪਤਨੀ, ''ਤੁਸੀਂ ਮੈਨੂੰ ਵਿਆਹ ਤੋਂ ਪਹਿਲਾਂ ਕਿਉਂ ਨਹੀਂ ਦੱਸਿਆ ਕਿ ਤੁਹਾਡੀ ਪਹਿਲਾਂ ਹੀ ਰਾਣੀ ਨਾਂ ਦੀ ਪਤਨੀ ਹੈ?

ਪਤੀ, ''ਮੈਂ ਵਿਆਹ ਤੋਂ ਪਹਿਲਾਂ ਦੱਸਿਆ ਸੀ ਕਿ ਮੈਂ ਤੈਨੂੰ ਰਾਣੀ ਵਾਂਗ ਰੱਖਾਂਗਾ।"

********

ਪਤਨੀ (ਪਤੀ ਨੂੰ), ''ਜੇ ਮੈਂ ਗੁਆਚ ਗਈ ਤਾਂ ਤੁਸੀਂ ਕੀ ਕਰੋਗੇ?"

ਪਤੀ, ''ਮੈਂ ਇਸ਼ਤਿਹਾਰ ਕਢਵਾਵਾਂਗਾ ਕਿ ਜਿਥੇ ਵੀ ਰਹੇਂ, ਖੁਸ਼ ਰਹੇਂ।"

********

ਸ਼ਰਾਬੀ (ਡਾਕਟਰ ਨੂੰ), ''ਤੁਸੀਂ ਮੇਰੀ ਸ਼ਰਾਬ ਛੁਡਵਾ ਸਕਦੇ ਹੋ?"

ਡਾਕਟਰ, ''ਹਾਂ, ਕਿਉਂ ਨਹੀਂ।"

ਸ਼ਰਾਬੀ, ''...ਤਾਂ ਪੁਲਸ ਨੇ ਮੇਰੀਆਂ 20 ਬੋਤਲਾਂ ਸ਼ਰਾਬ ਦੀਆਂ ਫੜੀਆਂ ਹਨ, ਪਲੀਜ਼ ਛੁਡਵਾ ਦਿਓ।"

********

ਪਤੀ (ਪਤਨੀ ਨੂੰ), ''ਮੈਂ ਰਾਤੀਂ ਦੇਖਿਆ।"

ਪਤਨੀ , ''ਕੀ ਦੇਖਿਆ?"

ਪਤੀ, ''...ਕਿ ਤੂੰ ਪਿਆਰ ਕਰ ਰਹੀ ਏਂ?"

ਪਤਨੀ, ''ਕਿਸ ਨਾਲ?'

ਪਤੀ, ''ਉਹੋ ਤਾਂ ਮੈਂ ਪਛਾਣ ਨਹੀਂ ਸਕਿਆ। ਰਾਤੀਂ ਮੈਂ ਬਿਨਾਂ ਐਨਕ ਦੇ ਹੀ ਸੌਂ ਗਿਆ ਸੀ।"

********

ਮੋਹਿਤ ਦੀ ਪਤਨੀ ਸ਼ਰਮੀਲਾ ਉਸ ਨੂੰ ਕਹਿਣ ਲੱਗੀ, ''ਤੁਸੀਂ ਹਜ਼ਾਰਾਂ ਵਿੱਚੋਂ ਇਕ ਹੋ।"

ਮੋਹਿਤ ਨੇ ਉਸ ਨੂੰ ਥੱਪੜ ਮਾਰਿਆ ਅਤੇ ਪੁੱਛਿਆ, ''ਬਾਕੀ ਦੇ 999 ਕੌਣ ਹਨ?"

********

ਪਤਨੀ, ''ਮੈਂ ਕਿਹਾ ਜੀ ਸੁਣਦੇ ਹੋ? ਇਹ ਜੋ ਤੁਸੀਂ ਪੈਂਟ ਵਾਰ-ਵਾਰ ਉਪਰ ਚੁੱਕਦੇ ਹੋ, ਬਹੁਤ ਬੁਰਾ ਲੱਗਦਾ ਹੈ।"

ਪਤੀ, ''ਮੇਰਾ ਖਿਆਲ ਹੈ ਕਿ ਜੇ ਮੈਂ ਪੈਂਟ ਉਪਰ ਨਾ ਚੁੱਕਾਂ ਤਾਂ ਹੋਰ ਵੀ ਬੁਰਾ ਲੱਗੇਗਾ।"

********

ਅਧਿਆਪਕ (ਸਾਹਿਲ ਨੂੰ), ''ਜਦੋਂ ਮੈਂ ਤੇਰੇ ਜਿੰਡਾ ਸੀ, ਮੇਰੇ 100 ਵਿੱਚੋਂ 100 ਨੰਬਰ ਆਉਂਦੇ ਸਨ।"

ਸਾਹਿਲ, ''ਸਰ, ਤੁਹਾਨੂੰ ਕੋਈ ਚੰਗਾ ਅਧਿਆਪਕ ਪੜ੍ਹਾਉਂਦਾ ਹੋਵੇਗਾ।"

********

ਇਕ ਵਾਰ ਯਮਰਾਜ ਨਰਕ ਦੇ ਦੌਰੇ 'ਤੇ ਨਿਕਲੇ।

ਉਨ੍ਹਾਂ ਦੇਖਿਆ; ਇਕ ਕੋਨੇ ਵਿੱਚ ਬਹੁਤ ਸਾਰੀਆਂ ਔਰਤਾਂ ਆਪੋ ਵਿੱਚ ਹਾਸਾ-ਮਜ਼ਾਕ ਕਰ ਰਹੀਆਂ ਸਨ।

ਉਨ੍ਹਾਂ ਯਮਦੂਤ ਨੂੰ ਬੁਲਾ ਕੇ ਪੁੱਛਿਆ ਕਿ ਇਹ ਕੌਣ ਹਨ, ਜੋ ਨਰਕ ਵਿੱਚ ਵੀ ਮਜ਼ਾ ਕਰ ਰਹੀਆਂ ਹਨ। ਯਮਦੂਤ ਨੇ ਜਵਾਬ ਦਿੱਤਾ, ''ਹਿੰਦੋਸਤਾਨੀ ਔਰਤਾਂ ਹਨ, ਕੰਬਖਤ ਜਿਥੇ ਵੀ ਜਾਂਦੀਆਂ ਹਨ, ਐਡਜਸਟ ਹੋ ਜਾਂਦੀਆਂ ਹਨ, ਕਹਿੰਦੀਆਂ ਹਨ ਕਿ ਬਿਲਕੁਲ ਸਹੁਰੇ ਘਰ ਵਰਗਾ ਮਾਹੌਲ ਹੈ।"

********

ਇਕ ਸ਼ਰਾਬੀ ਨੇ ਰਾਤ 12 ਵਜੇ ਸ਼ਰਾਬ ਦੀ ਦੁਕਾਨ ਦੇ ਮਾਲਕ ਨੂੰ ਫੋਨ ਕੀਤਾ ਅਤੇ ਪੁੱਛਿਆ, ''ਤੁਹਾਡੀ ਦੁਕਾਨ ਕਦੋਂ ਖੁੱਲ੍ਹੇਗੀ?"

ਦੁਕਾਨਦਾਰ, ''ਸਵੇਰੇ 9 ਵਜੇ।"

ਕੁਝ ਦੇਰ ਪਿੱਛੋਂ ਸ਼ਰਾਬੀ ਨੇ ਮੁੜ ਦੁਕਾਨਦਾਰ ਨੂੰ ਫੋਨ ਕਰ ਦਿੱਤਾ ਤੇ ਪੁੱਛਿਆ, ''ਭਾਈ ਸਾਹਿਬ, ਤੁਹਾਡੀ ਦੁਕਾਨ ਕਦੋਂ ਖੁੱਲ੍ਹੇਗੀ?"

ਦੁਕਾਨਦਾਰ, ''ਓ ਤੈਨੂੰ ਕਿੰਨੀ ਵਾਰ ਦੱਸਾਂ ਕਿ ਦੁਕਾਨ ਸਵੇਰੇ 9 ਵਜੇ ਖੁੱਲ੍ਹੇਗੀ। ਇਸ ਲਈ 9 ਵਜੇ ਆਵੀਂ ਅਤੇ ਜੋ ਵੀ ਚਾਹੀਦਾ ਹੈ, ਲੈ ਜਾਵੀਂ।"

ਸ਼ਰਾਬੀ, ''ਓ ਮੈਂ ਤੁਹਾਡੀ ਦੁਕਾਨ ਦੇ ਅੰਦਰੋਂ ਹੀ ਬੋਲ ਰਿਹਾ ਹਾਂ।"

********

ਸਿੰਗਲਾ ਤੇ ਬੱਬੂ ਇਕ ਦੁਕਾਨ 'ਤੇ ਗਏ। ਉਥੇ ਸਿੰਗਲੇ ਨੇ ਤਿੰਨ ਚਾਕਲੇਟਾਂ ਚੋਰੀ ਕਰ ਲਈਆਂ।

ਜਦੋਂ ਦੋਵੇਂ ਬਾਹਰ ਆਏ ਤਾਂ ਸਿੰਗਲਾਂ ਫੜ੍ਹਾਂ ਮਾਰਦਾ ਕਹਿਣ ਲੱਗਾ, ''ਮੈਂ ਤਿੰਨ ਚਾਕਲੇਟਾਂ ਚੋਰੀ ਕੀਤੀਆਂ ਅਤੇ ਕਿਸੇ ਨੂੰ ਪਤਾ ਵੀ ਨਹੀਂ ਲੱਗਾ। ਕੀ ਤੂੰ ਇੰਝ ਕਰ ਸਕਦਾ ਏਂ?"

ਇਹ ਸੁਣ ਕੇ ਬੱਬੂ ਨੂੰ ਗੁੱਸਾ ਆ ਗਿਆ ਤੇ ਉਹ ਬੋਲਿਆ, ''ਚੱਲ ਮੈਂ ਤੈਨੂੰ ਇਸ ਨਾਲੋਂ ਵੀ ਵਧੀਆ ਚੀਜ਼ ਦਿਖਾਉਂਦਾ ਹਾਂ।"ਉਹ ਦੋਵੇਂ ਮੁੜ ਅੰਦਰ ਚਲੇ ਗਏ। ਉਥੇ ਜਾ ਕੇ ਬੱਬੂ ਨੇ ਦੁਕਾਨਦਾਰ ਨੂੰ ਕਿਹਾ, ''ਕੀ ਤੁਸੀਂ ਜਾਦੂ ਦੇਖਣਾ ਚਾਹੁੰਦੇ ਹੋ?"

ਦੁਕਾਨਦਾਰ ਬੋਲਿਆ, ''ਹਾਂ ਦੇਖਣਾ ਹੈ।"

ਬੱਬੂ, ''...ਤਾਂ ਫਿਰ ਮੈਨੂੰ ਇਕ ਚਾਕਲੇਟ ਦਿਓ।"

ਦੁਕਾਨਦਾਰ ਨੇ ਬੱਬੂ ਨੂੰ ਚਾਕਲੇਟ ਦਿੱਤੀ ਅਤੇ ਉਸ ਨੇ ਉਹ ਚਾਕਲੇਟ ਖਾ ਕੇ ਦੂਜੀ ਚਾਕਲੇਟ ਮੰਗੀ। ਇਸ ਤਰ੍ਹਾਂ ਬੱਬੂ ਜਦੋਂ ਤੀਜੀ ਚਾਕਲੇਟ ਖਾਣ ਲੱਗਾ ਤਾਂ ਦੁਕਾਨਦਾਰ ਨੇ ਪੁੱਛਿਆ, ''ਇਸ ਵਿੱਚ ਜਾਦੂ ਕਿਥੇ ਹੈ?"

ਬੱਬੂ, ''ਮੇਰੇ ਦੋਸਤ ਦੀ ਜੇਬ ਵਿੱਚ ਦੇਖੋ, ਤੁਹਾਨੂੰ ਤੁਹਾਡੀਆਂ ਤਿੰਨੇ ਚਾਕਲੇਟਾਂ ਖਾਧੀਆਂ ਮੈਂ ਹਨ, ਪਰ ਇਹ ਮੇਰੇ ਮਿੱਤਰ ਦੀ ਜੇਬ ਵਿੱਚੋਂ ਵਾਪਸ ਮਿਲ ਜਾਣਗੀਆਂ।"

********

ਪਿਤਾ-ਓਹ ਦੀਪਿਆ, ਜੇ ਤੂੰ ਇਸ ਵਾਰੀ ਵੀ ਦਸਵੀਂ ਪਾਸ ਨਾ ਕੀਤੀ ਤਾਂ ਮੈਨੂੰ ਆਪਣਾ ਮੂੰਹ ਨਾ ਦਿਖਾਈਂ। ਦੀਪਾ-ਠੀਕ ਆ ਡੈਡੀ ਜੀ, ਮੈਂ ਘੁੰਡ ਕੱਢ ਕੇ ਆ ਜਾਊਂਗਾ।

********

ਇਕ ਡਾਕਟਰ ਦੇ ਕਲੀਨਿਕ ਦੇ ਬਾਹਰ ਮਰੀਜ਼ਾਂ ਦੀ ਭੀੜ ਲੱਗੀ ਹੋਈ ਸੀ। ਜਦੋਂ ਵੀ ਕੋਈ ਆਦਮੀ ਅੱਗੇ ਜਾਂਦਾ, ਉਸ ਨੂੰ ਲੋਕ ਫੜ ਕੇ ਪਿੱਛੇ ਖਿੱਚ ਲੈਂਦੇ। ਇਕ ਆਦਮੀ ਨੇ ਕਈ ਵਾਰ ਅੱਗੇ ਜਾਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਵੀ ਲੋਕਾਂ ਨੇ ਪਿੱਛੇ ਖਿੱਚ ਲਿਆ। 5-6 ਵਾਰ ਪਿੱਛੇ ਖਿੱਚੇ ਜਾਣ ਤੋਂ ਬਾਅਦ ਉਹ ਆਦਮੀ ਚੀਕਿਆ; 'ਸਾਲਿਓ! ਲੱਗੇ ਰਹੋ ਲਾਈਨ ਵਿੱਚ, ਮੈਂ ਅੱਜ ਕਲੀਨਿਕ ਹੀ ਨਹੀਂ ਖੋਲ੍ਹਾਂਗਾ।"

********

ਪੰਮਾ ਰੇਲ ਪਟੜੀ 'ਤੇ ਲੇਟ ਕੇ ਆਤਮ ਹੱਤਿਆ ਕਰਨੀ ਚਾਹੁੰਦਾ ਸੀ ਅਤੇ ਆਪਣੇ ਨਾਲ ਥੋੜ੍ਹੀ ਵ੍ਹਿਸਕੀ ਤੇ ਚਿਕਨ ਲੈ ਗਿਆ।

ਕਿਸੇ ਨੇ ਰੋਕਿਆ ਅਤੇ ਪੁੱਛਿਆ, ''ਇਹ ਕੀ ਹੈ, ਇਹ ਸਭ ਲੈ ਕੇ ਕਿਉਂ ਬੈਠਾ ਏਂ?"

ਪੰਮੇ ਨੇ ਜਵਾਬ ਦਿੱਤਾ, ''ਸਾਲੀ ਰੇਲ ਗੱਡੀ ਲੇਟ ਆਉਂਦੀ ਹੈ, ਕਿਤੇ ਭੁੱਖ ਨਾਲ ਨਾ ਮਰ ਜਾਵਾਂ।"

********

ਪ੍ਰਿੰਸੀਪਲ- ਫੋਟੋਗ੍ਰਾਫਰ ਸਾਬ 20 ਰੁਪਏ ਹੀ ਰੇਟ ਚਲਦਾ ਫੋਟੋ ਦਾ, 20 ਰੁਪਏ ਹੀ ਮਿਲਣਗੇ।

ਫੋਟੋਗ੍ਰਾਫਰ- ਠੀਕ ਆ ਜੀ।

ਪ੍ਰਿੰਸੀਪਲ ਅਧਿਆਪਕਾਂ ਨੂੰ- ਵਿਦਿਆਰਥੀਆਂ ਨੂੰ 40 ਰੁਪਏ ਫੋਟੋ ਦੇ ਲਿਆਉਣ ਲਈ ਕਹੋ।

ਅਧਿਆਪਕ ਵਿਦਿਆਰਥੀਆਂ ਨੂੰ- ਬੱਚਿਓ ਕੱਲ੍ਹ ਤਹਾਡਾ ਫੋਟੋਸ਼ੂਟ ਹੈ, 60-60 ਰੁਪਏ ਲੈ ਕਿ ਆਉਣਾ।

ਬੱਚਾ ਸੋਚਦਾ 20 ਰੁਪਏ ਦੀ ਫੋਟੋ ਆ ਤੇ 60 ਕਹਿ ਰਹੇ ਆ। ਇਨ੍ਹਾਂ ਸਟਾਫ ਰੂਮ 'ਚ ਬਹਿ ਕਿ ਸਮੋਸੇ ਖਾਣੇ ਆ, ਆਪਾ ਵੀ ਖਾਵਾਂਗੇ।

ਵਿਦਿਆਰਥੀ ਮਾਂ ਨੂੰ- ਮੰਮੀ 100 ਰੁਪਏ ਮੰਗਵਾਏ ਸਕੂਲ ਵਾਲਿਆਂ ਨੇ ਫੋਟੋ ਲਈ।

ਮਾਂ- ਖਸਮਾ ਨੂੰ ਖਾਣਿਆਂ ਲੁੱਟ ਮਚਾਈ ਏ, ਰੌਲਾ ਪਾਉਂਦੀ ਮਾਂ ਘਰਵਾਲੇ ਦੇ ਕਮਰੇ 'ਚ ਜਾ ਕੇ ਕਹਿੰਦੀ, ਆ ਦਿਉ ਜੀ 200 ਰੁਪਏ, ਸਕੂਲ ਭੇਜਣੇ* ਕਰ ਲਓ ਦੇਸ਼ ਭਰਿਸ਼ਟਾਚਾਰ ਮੁਕਤ.....!!!!!

********

ਅਧਿਆਪਕ (ਗੋਲੂ ਨੂੰ)-ਗਰਮੀਆਂ ਵਿਚ ਫੈਲਣ ਦੀ ਅਤੇ ਸਰਦੀਆਂ ਵਿਚ ਸੁੰਗੜਨ ਦੀ ਕੋਈ ਉਦਾਹਰਨ ਦਿਓ।

ਗੋਲੂ-ਜੀ, ਗਰਮੀਆਂ ਵਿਚ ਛੁੱਟੀਆਂ ਫੈਲ ਕੇ ਦੋ ਮਹੀਨੇ ਦੀਆਂ ਹੋ ਜਾਂਦੀਆਂ ਹਨ ਤੇ ਸਰਦੀਆਂ ਵਿਚ ਸੁੰਗੜ ਕੇ 15 ਦਿਨ ਦੀਆਂ ਰਹਿ ਜਾਂਦੀਆਂ ਹਨ।

********






# ਭਾਈ ਪੰਜਵੜ ਦੀ ਸ਼ਹਾਦਤ ਦੀ ਉੱਚ ਪੱਧਰੀ ਜਾਂਚ ਹੋਵੇ:ਫੈਡਰੇਸ਼ਨ ਆਫ ਸਿੱਖ ਆਰਗੇਨਾਈਜਸ਼ਨ ਯੂ.ਕੇ.

ਲੰਡਨ, (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਬਰਤਾਨੀਆ ‘ਚ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਭਾਈ ਪਰਮਜੀਤ ਸਿੰਘ ਪੰਜਵੜ ਦੀ ਸਿੱਖ ਕੌਮ ਪ੍ਰਤੀ ਕੀਤੀ ਕੁਰਬਾਨੀ ਨੂੰ ਯਾਦ ਕਰਦਿਆਂ ਕਿਹਾ ਗਿਆ ਕਿ ਪੰਜਾਬ ਪੁਲਿਸ ਵਲੋਂ ਭਾਈ ਪਰਮਜੀਤ ਸਿੰਘ ਪੰਜਵੜ ਦੀ ਮਾਤਾ ਮਹਿੰਦਰ ਕੌਰ ਨੂੰ ਇਸ ਕਰਕੇ ਸ਼ਹੀਦ ਕਰ ਦਿੱਤਾ ਗਿਆ ਸੀ ਕਿ ਉਸ ਨੇ ਸਿੱਖ ਜੁਝਾਰੂ ਭਾਈ ਪੰਜਵੜ ਨੂੰ ਜਨਮ ਦਿੱਤਾ ਸੀ। ਭਾਈ ਪੰਜਵੜ ਦੇ ਰੂਪੋਸ਼ ਜੀਵਨ ਦੌਰਾਨ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਭਾਰੀ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ।ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨ ਯੂ.ਕੇ. ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਜਾਰੀ ਪ੍ਰੈੱਸ ਬਿਆਨ ‘ਚ ਭਾਈ ਪਰਮਜੀਤ ਸਿੰਘ ਪੰਜਵੜ ਦੀ ਮੌਤ ਦੀ ਉਚ ਪੱਧਰੀ ਜਾਂਚ ਲਈ ਸਮੂਹ ਸਿੱਖ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਈ ਪੰਜਵੜ ਲੰਬੇ ਸਮੇਂ ਤੋਂ ਰੂਪੋਸ਼ ਸਨ, ਜਿਨ੍ਹਾਂ ਨੂੰ ਲਾਹੌਰ ਸਥਿਤ ਉਨ੍ਹਾਂ ਦੀ ਰਿਹਾਇਸ਼ ਦੇ ਲਾਗੇ ਪਾਰਕ ‘ਚ ਅਣਪਛਾਤੇ ਵਿਆਅਤੀਆਂ ਵਲੋਂ ਅੰਧਾਧੁੰਦ ਫਾਇਰਿੰਗ ਕਰਕੇ ਸ਼ਹੀਦ ਕਰ ਦਿੱਤਾ ਗਿਆ। ਜੋ ਕਿ ਸਿੱਖ ਕੌਮ ਵਾਸਤੇ ਦੁੱਖਦਾਇਕ ਹੈ। ਇਸ ਤੋਂ ਪਹਿਲਾਂ ਭਾਈ ਹਰਮੀਤ ਸਿੰਘ ਪੀ.ਐੱਚ.ਡੀ. ਨੂੰ ਲਾਹੌਰ ‘ਚ ਡੇਰਾ ਚਾਹਲ ਵਿਖੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਫੈਡਰੇਸ਼ਨ ਯੂ.ਕੇ. ਨੇ ਭਾਈ ਪੰਜਵੜ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦਿਆਂ ਕਿਹਾ ਕਿ ਭਾਈ ਪੰਜਵੜ ‘ਤੇ ਸਿੱਖ ਕੌਮ ਨੂੰ ਨਾਜ਼ ਰਹੇਗਾ।



# ਅਮਰੀਕਾ ਵਿੱਚ ਭਾਰਤੀ ਡਾਕਟਰ ਜਿਨਸੀ ਦੋਸ਼ਾਂ ਅਧੀਨ ਚਾਰਜ਼

ਨਿਊਯਾਰਕ- ਅਮਰੀਕਾ ਦੇ ਜਾਰਜੀਆ ਸੂਬੇ ‘ਚ ਇਕ 68 ਸਾਲਾ ਭਾਰਤੀ ਮੈਡੀਕਲ ਡਾਕਟਰ ‘ਤੇ ਜਿਨਸੀ ਸ਼ੋਸ਼ਣ ਦੇ ਕਈ ਮਾਮਲਿਆਂ ‘ਚ ਦੋਸ਼ੀ ਪਾਇਆ ਗਿਆ ਹੈ।ਨਿਆਂ ਵਿਭਾਗ ਨੇ ਕਿਹਾ ਹੈ ਕਿ ਡਾਕਟਰ ਨੂੰ 12 ਮਹੀਨਿਆਂ ਦੀ ਮਿਆਦ ਦੇ ਦੌਰਾਨ ਰੁਟੀਨ ਜਾਂਚਾਂ ਦੌਰਾਨ ਉਸ ਦੀਆਂ ਚਾਰ ਮਹਿਲਾ ਬਜ਼ੁਰਗ ਮਰੀਜ਼ਾਂ ‘ਤੇ ਜਿਨਸੀ ਸ਼ੋਸ਼ਣ ਦੇ ਕਈ ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਗਿਆ ਹੈ।

ਰਾਜੇਸ਼ ਮੋਤੀਭਾਈ ਪਟੇਲ, ਜੋ ਜਾਰਜੀਆ ਵਿੱਚ ਵੈਟਰਨਜ਼ ਅਫੇਅਰਜ਼ ਮੈਡੀਕਲ ਸੈਂਟਰ ਵਿੱਚ ਕੰਮ ਕਰਦਾ ਸੀ।

ਅਮਰੀਕੀ ਅਟਾਰਨੀ ਰਿਆਨ ਕੇ ਬੁਕਾਨਨ ਨੇ ਕਿਹਾ, “ਪਟੇਲ ਨੇ 2019 ਅਤੇ 2020 ਦੇ ਵਿਚਕਾਰ ਕਥਿਤ ਤੌਰ ‘ਤੇ ਆਪਣੀਆਂ ਮਹਿਲਾ ਮਰੀਜ਼ਾਂ ਦਾ ਜਿਨਸੀ ਸ਼ੋਸ਼ਣ ਕੀਤਾ ਅਤੇ ਆਪਣੀ ਦੇਖਭਾਲ ਅਧੀਨ ਮਰੀਜ਼ਾਂ ਨੂੰ ਕੋਈ ਨੁਕਸਾਨ ਨਾ ਪਹੁੰਚਾਉਣ ਦੀ ਆਪਣੀ ਸਹੁੰ ਦੀ ਉਲੰਘਣਾ ਕੀਤੀ।

# ਗੁਜਰਾਤ ‘ਚ ਆਗੂ ਨੂੰ ਗੋਲੀਆਂ ਨਾਲ ਭੁੰਨਿਆ

ਰਾਤਾ: ਗੁਜਰਾਤ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ। ਇਥੇ ਭਾਜਪਾ ਦੇ ਇਕ ਸੀਨੀਅਰ ਆਗੂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿਤੀ ਗਈ ਹੈ। ਬਾਈਕ ਸਵਾਰਾਂ ਨੇ ਭਾਜਪਾ ਆਗੂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ।

ਘਟਨਾ ਵਲਸਾਡ ਜ਼ਿਲ੍ਹੇ ਦੇ ਰਾਤਾ ਇਲਾਕੇ ਦੀ ਹੈ।ਜਾਣਕਾਰੀ ਮੁਤਾਬਕ ਸੋਮਵਾਰ ਸਵੇਰੇ ਭਾਜਪਾ ਨੇਤਾ ਸ਼ੈਲੇਸ਼ ਪਟੇਲ ਆਪਣੀ ਪਤਨੀ ਨਾਲ ਮੰਦਿਰ ਜਾ ਰਹੇ ਸਨ।ਇਸ ਦੌਰਾਨ ਬਾਈਕ ਸਵਾਰ ਤਿੰਨ ਵਿਅਕਤੀਆਂ ਨੇ ਉਸ ‘ਤੇ ਗੋਲੀਆਂ ਚਲਾ ਦਿੱਤੀਆਂ।

ਘਟਨਾ ਤੋਂ ਬਾਅਦ ਹਮਲਾਵਰ ਫ਼ਰਾਰ ਹੋ ਗਏ।ਪੁਲਿਸ ਨੇ ਦੱਸਿਆ ਕਿ ਭਾਜਪਾ ਦੇ ਉਪ ਪ੍ਰਧਾਨ ਸ਼ੈਲੇਸ਼ ਪਟੇਲ ਅਪਣੇ ਪਰਿਵਾਰ ਨਾਲ ਸਵੇਰੇ ਸ਼ਿਵ ਮੰਦਿਰ ‘ਚ ਦਰਸ਼ਨਾਂ ਲਈ ਗਏ ਸਨ।ਦਰਸ਼ਨ ਕਰਨ ਤੋਂ ਬਾਅਦ ਉਹ ਅਪਣੇ ਘਰ ਲਈ ਰਵਾਨਾ ਹੋ ਰਿਹਾ ਸੀ, ਉਸੇ ਸਮੇਂ ਬਾਈਕ ਸਵਾਰ ਬਦਮਾਸ਼ਾਂ ਨੇ ਸ਼ੈਲੇਸ਼ ਪਟੇਲ ‘ਤੇ ਗੋਲੀਆਂ ਚਲਾ ਕੇ ਉਸ ਦੀ ਹੱਤਿਆ ਕਰ ਦਿਤੀ। ਭਾਜਪਾ ਆਗੂ ਦੇ ਕਤਲ ਦੀ ਘਟਨਾ ਸੀਸੀਟੀਵੀ ਵਿਚ ਕੈਦ ਹੋ ਗਈ ਹੈ।











# ਸੋਫਾ ਫੈਕਟਰੀ

**LOWEST PRICES IN TOWN**

ਸਟੋਰ ਤੇ ਆ ਕੇ ਵੇਖੋ





## Biggest Sale of the Year

ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।





2 PCS SOFA & LOVE SEAT
**$1350**



ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ

ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ

# B&B FURNITURE

12732-80TH AVE. SURREY
604.594.6533

ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events







Capacity
350-375 seats



**Dream Catering "Your Venue, Our Food"**

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

**For Bookings, Contact: 604-203-7272**

7236 -120St, Surrey, BC

Email:info@dreambanquethall.ca

# PEACE FURNITURE

For The Peace Of Your Mind









ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

| Business Hours: | |
|---|---|
| Mon-Fri: | 8am to 6pm |
| Sat-Sun: | 12 pm to 6 pm |

**604-902-1415**

#A/B/C 7967-128St, Surrey, BC V3W 4E7

Email:sales@peacefurnituire.ca

Web:www.peacefurniture.ca